Postal No.-- CHD/0111/2015-17

Regd No. 32212/78

# ਲੁਬਾਣਾ ਸੇਵਕ

ਅਗਸਤ 2016 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਆਜ਼ਾਦੀ ਦਿਹਾੜੇ ਦੀਆਂ ਸਮੂਹ ਪੰਜਾਬੀਆਂ ਨੂੰ ਲੱਖ-ਲੱਖ ਵਧਾਈਆਂ !




## ਕੀ 69 ਸਾਲ ਬੀਤਣ 'ਤੇ ਵੀ ਅਸੀਂ ਆਜ਼ਾਦ ਨਹੀਂ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# Women, Education and Sikhism



Sikhism is one of the youngest of the world religion, being over five hundred years old. Guru Nanak the founder of Sikhism, was born in 1469 year at a particular difficult period of history for women throughout the Indian sub-continent, an age when women were not considered fit for independence at any stage of their lives. They were tied with such customs as veil (Purdah), Sati (Burns herself on her husband's pyre) and female infanticide. The plight of women had been made more miserable by the invaders who took away women as slaves and sold them in foreign market.

Guru Nanak and the other nine Gurus advocated equal status for women with men in all spheres of life. The Gurus felt the need to rehabilitate women to place of honour by condemning then prevalent customs, which perpetuated the inferiority of women. In this Asa Di War Guru Nanak Says. "(In a women man is conceived, from a women he is born with a woman he contracts friendship. If one dies another one is sought for man's destiny is linked to women. Then why denounce her from whom are great men born)".

According to Bhai Gurdas 'Women is one half of the composite personality of man and is entitled to share secular and spiritual knowledge equally. Guru Amar Dass ji respected woman for her creativity and said "Blessed is the who creates life". The Sikh congregation (Sangat) was opened to both men and women who took part in leading prayers and reciting the scriptures. No social custom was ever to hinder women from joining congregation alongwith men. Out of twenty two seats of religious authority (Manji) established by third Guru for preaching Sikhism four were held by women. They each enjoyed full economic and decision making - a remarkable feat since no other religion could state such a claim. He also appointed fifty two women missionaries to educate women in Rehat Maryada and to spread the message of Sikhism. Guru Nanak also welcomed women to seating in row (Pangat). The institution of community Kitchen (Langar) symbolizes the equality of humanity. Men and women worked together drawing water, grinding corn, collecting fuel, cooking food, distributing food and cleaning dishes. The sikh Institution of sangat and pangat inculcated a strong sense of community links and women are integral part of it. This broke the myth that cooking and cleaning are menial tasks fit for women only and encouraged more men to work also in household chores. Together they offer food and shetter to the needy. In a way Guru Nanak advocated and allowed much more equality and dignity for women in fifteen century well knit the social structure than the present day reality.

When on Basakhi Day, 1999, Guru Gobind Singh was preparing baptized Water (Amrit) with double edge sword, his wife Mata Sundri (also known as Jito) added sugar crystals (Patasas) as her contribution. So Guru remarked "we filled the Sikh community (Panth) with heroism (bir ras) and you have mixed with it love (prem ras). The tenth Guru bestowed amrit (initiation) to men and women alike. The five K's the articles of Sikh faith are the same. At the time of amrit man is given name Singh (Lion) and the woman - the Kaur (pricess) - a positive discrimination in women's favour to enhance her position. Further the Guru gave the highest dignity to married life. They abhorred the prevent custom of a male leaving home and renounces his wife and children to go to forests and monasteries for spiritual attachment. Guru said living within the family life; man can obtain salvation by performing social responsibilities. The Guru said those hermits and mendicants, who renounced the world and considered themselves holy and pious, came back to the family man's doors for food.

All Gurus excepted Guru Har Krishan the eighth Guru (who died at the tender age of eight) all lead a married life, set up homes and lived with their families. The Sikh marriage is the joining together of two equal partners, a spiritual opportunity mutually to support and enrich one another's lives. Gurus urged that both should be taught a sound knowledge of their religion and other spheres of life.

The Guru Amar Das persuaded Emperor Akbar to issue a directive to stop 'Sati' and also encouraged widow remarriage among his Six Sikh. In Sikh code of conduct (Rehat Maryada) the Purdah is contrary to Sikhism as it suppressed the personality of woman and reflected their inferior status. Regarding female infanticide Guru Gobind Singh prohibited the practice of female infanticide in Rehat Nama Says Sikh should never indulge in, nor have any social dealing with anyone who practices female infanticide. The Gurus took steps to denounce dowry and revolutionized the tradition, relieved from unnecessary and unreasonable customs, taboos and practices, Sikh womenhood played a momentous role in various walks of the life within Sikh Community.

Mata Khivi, wife of Guru Angad was the manager of langar. Guru Amar Das said “Pahilan pangat pichhe sangat”. Mai Bhago decided to take up arms and encouraged forty Muktas to join Gurus in the war and spend her life as soldier, which was approved by Guru Gobind Singh. Mata Gujri, wife of Guru Teg Bahadur and mother of Guru Gobind Singh, inspires many women. She was a great educationist, she taught her family and everyone around. Infused spirit of courage of their convictions to lay down their lives for principles. After martyrdom of Guru Teg Bahadur in 1675, the responsibility of nine year Guru Gobind Singh and leadership of Sikh community at crucial and dangerous time fell on her shoulders.

Mata Gujri discharged her duties superbly with farsightedness in dealing with external and internal dangers. She hold unenviable position being wife of martyr, mother of martyr, grandmother of martyr and herself a martyr. Mata Sundri widow of Guru Gobind Singh provided leadership in most trying time. During the period 1720-1760, when male Sikhs were persecuted, the women showed undaunted courage in warfare and family responsibilities.

Similarly Rani of Patiala state, Rani Sahib Kaur proved to be the savior of Patiala State more than once. She commanded armies on battlefield, enlightened organizer, a brilliant administrator and superb commander of her forces. Rani Sada Kaur, the mother – in - law of Maharaja Ranjit Singh, was the chief architect of his empire. Maharaja was only eleven year old, when his father died, it was Rani Sada Kaur who sat him on road to glory. Rani Jind Kaur, wife of Maharaja Ranjit Singh and mother of Maharaja Dalip Singh exerted her influence to keep the State of Punjab independent from British Raj but all her effort to restore the legitimate authority of her son went in vain due to British politicians.

Today many women are serving the community / country and are performing important tasks as eminent administrators, doctors, educationists, space, business women, religious leaders, politicians and artists. So, they have proved their mettle in all spheres of life and even in household affairs and social activities. She holds the string decision and takes decisions better than their counterparts. In sangat and conferences the participation of women out numbers males. Recently in Rio Olympics – 2016 the women have won medals and laurels for India. So, efforts should be made at all levels to educate, develop skills, provided facilities to married women to work (such as crèche for children) hold seminars for their knowledge updates to secure gainful employment, interaction with senior women's experience in life particularly with same background and language for easy growth, make finally to understand and help release personal pressure for attaining education at later age. The training fairs shall provide the knowledge of their worth by experience with interaction and practical guidelines for specializing and choosing line of their interest. The dowry system issues can be solved by setting up organizations and active solidarity among each other. Mothers and senior women can play part diplomatically in influencing their daughters to take advantage of educational opportunities especially in higher education. This shall improve upward mobility through education for social and needed reforms which can be solved in a better way.

**Gurcharan Singh**
**President & Chief Editor**
**Baba Makhan Shah Lobana Foundation**
**M.: 98140-17067**

# ਲੁਬਾਣਾ ਸੇਵਕ


**Chief Editor**
**S. Gurcharan Singh**
117, Sector-35-A, Chandigarh
M.: 98140-17067

**Addl. Chief Editor**
Major Narinder Singh Jallo (Retd.)
H.No. 96-Sec-71, SAS Nagar
Tel.: 98881-34553

**Editor**
**S. Bhagwan Singh Lubana**
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Advisors**
S. Manjit Singh S.E. (Retd.) Jalandhar
Dr. Davinder Singh, Mukerian
Er. Harbir Singh Multani Jalandhar



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 9814017067, General Secretary-94173-39469

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 54 | ਅਗਸਤ - 2016



1. ਗੁਰਬਾਣੀ ਗੁਰੂ 5
2. ਸੇਵਾ ਦੇ ਪੁੰਜ ਸਨ ਭਗਤ ਪੂਰਨ ਸਿੰਘ ਪਿੰਗਲਵਾੜੇ ਵਾਲੇ 7
3. ਭਾਰਤ ਕਿਉਂ ਨਹੀਂ ਬਣ ਸਕਿਆ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼? 8
4. "ਸ਼ਾਹ ਹੁਸੈਨ ਦੀ ਵਿਚਾਰਧਾਰਾ" 10
5. ਸਮਾਜ ਸੇਵਾ ਪ੍ਰਥੀ ਸਮਰਪਿਤ ਜੀਵਨ ਸਵ. ਸ. ਅਵਤਾਰ ਸਿੰਘ... 13
6. ਪੰਜਾਬ ਦੇ ਭੂਗੋਲਿਕ ਇਲਾਕੇ ਜੋ ਜਾਤ-ਗੋਤਾਂ ਦੇ ਨਾਂਅ ਬਣ ਗਏ 16
7. ਮੁਕਾਬਲੇ ਵਿਚ ਮੇਰੀ ਜਾਨ ਵੀ ਜਾ ਸਕਦੀ ਸੀ : ਓ.ਪੀ. ਜੈਸ਼ਾ 19
8. ਪੰਜਾਬੀ ਅਦਬ ਦਾ ਇਕ ਯੁੱਗ ਸਨ ਗੁਰਦਿਆਲ ਸਿੰਘ 20
9. ਇਨਸਾਨੀ ਪੀੜਾ 22
10. ਯੈਲਾਉਪਗਾਰਡਾ ਸੂਬਾ ਰਾਓ 25
11. ਕਹਾਣੀ (ਟੁਕੜੇ-ਟੁਕੜੇ ਹੋਈ ਸੋਚ) 27
12. ਸਿਹਤ ਸੰਭਾਲ 30
13. की जाणा मैं कौण? 31
14. आत्म निरीक्षण 32
15. The Lost Joy 33
16. I have learnt 34
17. Desecration of Harmandir Sahib by Massa Rangar 35
18. ਦਾਨੀ ਸੱਜਣਾਂ ਦੀ ਸੂਚੀ 37-42
19. Matrimonial 42



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Gurcharan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਗੁਰਬਾਣੀ ਗੁਰੂ

ਭਾਈ ਭੁਪਿੰਦਰ ਸਿੰਘ ਨਿਮਾਣਾ




ਗੁਰਬਾਣੀ ਅਤੇ ਇਤਿਹਾਸ ਨਾਲ ਪਿਆਰ ਕਰਨ ਵਾਲਾ ਹਰ ਗੁਰੂ ਨਾਨਕ ਨਾਮ ਲੇਵਾ ਸਿਖ ਇਹ ਜਾਣਦਾ ਹੈ ਕਿ ਵਰ੍ਹੇ ਦਾ ਸ਼ਾਇਦ ਹੀ ਕੋਈ ਦਿਨ ਅਜਿਹਾ ਹੋਵੇ, ਜਿਸ ਦਿਨ ਸਿੱਖ ਧਰਮ ਨਾਲ ਸਬੰਧਤ ਕੋਈ 'ਘਟਨਾ' ਨਾ ਵਾਪਰੀ ਹੋਵੇ। ਨਵੇਂ ਨਾਨਕਸ਼ਾਹੀ ਕੈਲੰਡਰ 'ਤੇ ਨਜ਼ਰ ਮਾਰੀਏ ਤਾਂ ਹਰ ਮਹੀਨੇ ਹੀ ਕਈ ਅਜਿਹੇ ਦਿਨ ਆਉਂਦੇ ਹਨ, ਜਿਨ੍ਹਾਂ ਦੀ ਯਾਦ ਨਾਲ ਹੀ ਸਿਰ ਆਪ ਮੁਹਾਰੇ ਸ਼ਰਧਾ ਵਿੱਚ ਝੁਕ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸ ਜਾਮੇ ਧਾਰ ਕੇ ਸਾਡੇ ਕਲਿਆਣ ਹਿੱਤ ਆਪਣਾ ਸਾਖਸ਼ਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਸਦੀਵ ਕਾਲ ਲਈ ਸਾਨੂੰ ਦੇ ਦਿੱਤਾ। ਅਸੀਂ ਕਿੰਨੇ ਵੱਡੇ ਭਾਗਾਂ ਵਾਲੇ ਹਾਂ ਕਿ ਜੀਵਨ ਦੇ ਹਰ ਮੋੜ 'ਤੇ ਸੇਧ ਦੇਣ ਲਈ ਗੁਰੂ ਸਾਹਿਬਾਨ ਜੀ ਦਾ ਆਤਮਿਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਕੋਲ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਪਹਿਲਾਂ ਦਾ ਸਮਾਂ ਬੜਾ ਭਿਆਨਕ ਸੀ। ਸਮਾਜ ਦੇ ਬਹੁਤ ਵਰਗ, ਬਹੁਤੇ ਪ੍ਰਾਣੀ ਦੁਖਾਂ-ਕਲੇਸ਼ਾਂ, ਵਹਿਮਾਂ-ਭਰਮਾਂ, ਜਾਤ-ਪਾਤ, ਊਚ-ਨੀਚ, ਗੁਰਬਤ ਅਤੇ ਆਪੋਧਾਪੀ ਦੇ ਸੰਤਾਪ ਵਿੱਚ ਗ੍ਰਸੇ ਪਏ ਸਨ। ਲੁਕਾਈ ਦੀ ਪੁਕਾਰ ਸੁਣ ਕੇ ਨਿਰੰਕਾਰ ਆਪ ਨਾਨਕ ਦੇ ਰੂਪ ਵਿੱਚ ਪ੍ਰਗਟ ਹੋਇਆ।

**"ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ॥**
**ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ॥"**

ਦੇ ਮਹਾਂਵਾਕਾਂ ਅਨੁਸਾਰ ਮੋਹ-ਮਾਇਆ ਭਰੇ ਸੰਸਾਰ ਸਮੁੰਦਰ ਵਿੱਚ ਡੁੱਬੇ, ਮਾਨਸਿਕ ਅਤੇ ਅਧਿਆਤਮਿਕ ਅਗਿਆਨ ਦੇ ਅੰਧੇਰੇ ਵਿੱਚ ਭਟਕ ਰਹੇ ਸੰਸਾਰੀ ਜੀਵਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰ ਕੇ ਰਾਹਤ ਦੁਆਈ। ਗੁਰੂ ਨਾਨਕ ਨਿਰੰਕਾਰੀ ਜੋਤ ਦੁਆਰਾ ਦਸ ਜਾਮਿਆਂ ਵਿੱਚ ਵੰਡਿਆ ਨੂਰੀ ਚਾਨਣ ਅੱਜ ਵੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਰੂਪ ਵਿੱਚ ਮਨੁੱਖਤਾ ਨੂੰ ਚੰਗੇਰੀ ਜੀਵਨ ਜਾਚ ਦੱਸਣ ਲਈ ਚਾਨਣ ਬਿਖੇਰ ਰਿਹਾ ਹੈ।

ਬਾਣੀ ਗੁਰੂ ਹੈ : ਗੁਰਬਾਣੀ ਦਾ ਅਧਿਐਨ ਹੀ ਗੁਰੂ ਸਾਹਿਬਾਨ ਦੇ ਅਸਲੀ ਜੀਵਨ ਦੀ ਝਲਕ ਹੈ। ਜਿਵੇਂ ਗੁਰਬਾਣੀ ਰਾਹੀਂ ਮਨੁੱਖ ਨੂੰ ਕ੍ਰਿਪਾਲੂ, ਦਿਆਲੂ, ਲੋਭ-ਮੋਹ-ਹੰਕਾਰ ਤੋਂ ਰਹਿਤ ਰਹਿ ਕੇ ਸਰਬ ਵਿਆਪਕ ਨਿਰੰਕਾਰ ਦੇ ਆਗਿਆਕਾਰੀ ਰਹਿਣ ਦਾ ਉਪਦੇਸ਼ ਹੈ, ਇਹੀ ਗੁਰੂ ਸਾਹਿਬਾਨ ਦਾ ਅਸਲੀ ਜੀਵਨ ਸੀ। ਗੁਰੂ ਨਾਨਕ ਸਾਹਿਬ ਆਤਮਿਕ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੁਸ਼ੋਭਿਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਨਾ, ਗੁਰੂ ਨਾਨਕ ਸਾਹਿਬ ਦਾ ਸਤਿਕਾਰ ਕਰਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਿਆਰ ਕਰਨਾ ਅਤੇ ਗੁਰਬਾਣੀ ਦੀ ਸਿੱਖਿਆ ਅਨੁਸਾਰ ਜੀਵਨ ਬਤੀਤ ਕਰਨਾ, ਗੁਰੂ ਨਾਨਕ ਸਾਹਿਬ ਨੂੰ ਪਿਆਰ ਕਰਨਾ ਅਤੇ ਉਨ੍ਹਾਂ ਦੀ ਖੁਸ਼ੀ ਪ੍ਰਾਪਤ ਕਰਨਾ ਹੈ। ਜਿਹੜੇ ਗੁਰਸਿੱਖ ਗੁਰਬਾਣੀ ਦੇ ਉਪਾਸ਼ਕ ਬਣ ਕੇ ਵਿਚਰਦੇ ਹਨ। ਬਾਣੀ ਵਿਚਾਰਦੇ ਹਨ, ਬਾਣੀ ਨੂੰ ਸਤਿਕਾਰਦੇ ਹਨ, ਉਨ੍ਹਾਂ ਦੇ ਹਿਰਦੇ ਵਿੱਚ ਹਰੀ ਦੇ ਨਾਮ ਦਾ ਵਾਸਾ ਹੋ ਜਾਂਦਾ ਹੈ। ਸਤਿਗੁਰੂ ਦਾ ਫ਼ੁਰਮਾਨ ਹੈ : **"ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥"** ਜੋ ਗੁਰਮੁਖ ਭੈ-ਭਾਵਨੀ ਵਿੱਚ ਰਹਿ ਕੇ ਬਾਣੀ ਦਾ ਜਾਪ ਕਰ ਲੈਂਦੇ ਹਨ, ਉਨ੍ਹਾਂ ਦਾ ਜੀਵਨਾ ਸਫਲ ਹੋ ਜਾਂਦਾ ਹੈ ਨਿਹਚਲ ਥਾਨ ਦੀ ਪ੍ਰਾਪਤੀ ਹੁੰਦੀ ਹੈ

ਗੁਰਵਾਕ ਹੈ : " **ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ ਤਿਨ ਪਾਇਆ ਨਿਹਚਲ ਥਾਨਾਂ ਹੇ॥**" ਨਿਹਚਲ ਥਾਨ, ਭਾਵ ਸਤ ਸੰਤੋਖ ਵਾਲਾ ਜੀਵਨ: ਦੂਈ-ਦਵੈਖ, ਕਲਾ-ਕਲੇਸ਼ ਅਤੇ ਹਉਮੈ-ਹੰਕਾਰ ਤੋਂ ਨਿਰਲੇਪਤਾ ਵਾਲਾ ਜੀਵਨ : ਅਥਵਾ ਹਮੇਸ਼ਾਂ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਸੋਚ ਵਾਲਾ ਜੀਵਨ।

ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਅੰਮ੍ਰਿਤਮਈ ਬਾਣੀ ਦਾ ਜਾਪ ਕਰਨ ਵਾਲੇ ਜਿਊੜਿਆਂ ਪ੍ਰਥਾਇ ਫੁਰਮਾਉਂਦੇ ਹਨ ਕਿ, "**ਅੰਮ੍ਰਿਤ ਫ਼ਲ ਤਿਨ ਜਨ ਕਉ ਲਾਗੇ ਜੋ ਬੋਲਹਿ ਅੰਮ੍ਰਿਤ ਬਾਤਾ ਹੈ।**" ਅਜਿਹੇ ਜਨ ਗੁਰਮੁਖ ਜਿਹੜੇ ਅੰਮ੍ਰਿਤਮਈ ਸ਼ਬਦ-ਸੁਰਤ ਦੇ ਧਾਰਨੀ ਹਨ, ਜਿੱਥੇ ਵੀ ਜਾ ਬਹਿੰਦੇ ਹਨ, ਭਲਾ ਹੀ ਕਹਿੰਦੇ ਹਨ। ਗੁਰਵਾਕ ਹੈ, "**ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ॥**"

ਗੁਰਮੁਖ ਦੀ ਨਿਸ਼ਾਨੀ ਇਹ ਹੈ ਕਿ ਉਹ ਹਮੇਸ਼ਾਂ ਇਸ ਨਿਰਮਲ ਭਉ ਵਿੱਚ ਰਹਿੰਦਾ ਹੈ ਕਿ ਕਿਧਰੇ ਕਿਸੇ ਨੂੰ ਕੋਈ ਕੌੜਾ ਬੋਲ ਨਾ ਬੋਲਿਆ ਜਾਵੇ, ਮਨਮੁਖਤਾ ਵਾਲਾ ਕੋਈ ਐਸਾ ਪ੍ਰਵਚਨ ਕਹਿ ਜਾਂ ਕਰ ਨਾ ਹੋ ਜਾਵੇ, ਜਿਸ ਨਾਲ ਕਿਸੇ ਦਾ ਦਿਲ ਦੁਖੇ। ਗੁਰਮੁੱਖ ਤਾਂ ਸਤਿਗੁਰੂ ਦੇ ਇਸ ਮਹਾਂਵਾਕ ਨੂੰ ਹਮੇਸ਼ਾਂ ਪੱਲੇ ਬੰਨ੍ਹ ਕੇ ਰੱਖਦੇ ਹਨ ਕਿ "**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥**"

ਉਨ੍ਹਾਂ ਦੀ ਚਿਤਾਵਨੀ ਹਮੇਸ਼ਾਂ ਫ਼ਿਕਾ ਬੋਲ ਵਿਗੁਚਣਾ ਵਾਲੀ ਹੁੰਦੀ ਹੈ ਅਤੇ ਆਪਣੇ ਮਨ-ਮੈਂਗਲ 'ਤੇ ਪੂਰੇ ਕਾਬਜ ਹੁੰਦੇ ਹਨ। ਮਨ ਵਿੱਚੋਂ ਹਮੇਸ਼ਾਂ ਲਈ ਮੈਂ ਦੀ ਸੋਚ ਨੂੰ ਬਾਹਰ ਕੱਢ 'ਤੂੰ ਹੀ, ਤੂੰ ਹੀ' ਸਭ ਕਿਛ ਤੇਰਾ' ਉਹਨਾਂ ਦੇ ਹਿਰਦੇ ਵਿੱਚ ਵਸਿਆ ਹੁੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਫੁਰਮਾਨ "**ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ**" ਨਾਲ ਜੁੜ ਕੇ ਨਿਮਰਤਾ ਵਿੱਚ ਰਹਿਣਾ ਗੁਰਮੁਖ ਦੀ ਜ਼ਿੰਦਗੀ ਦਾ ਤੱਤ ਹੁੰਦਾ ਹੈ। ਗੁਰੂ ਸਾਹਿਬ ਨੇ ਤਾਣ ਹੁੰਦਿਆਂ ਨਿਮਾਣਾ ਬਣ ਕੇ ਰਹਿਣ ਦਾ ਮਾਰਗ ਦੱਸਿਆ ਅਤੇ ਸਮਝਾਇਆ, "**ਹੋਇ ਰਹੀਐ ਸਗਲ ਕੀ ਰੀਨਾ॥ ਘਟਿ ਘਟਿ ਰਮਈਆ ਸਭ ਮਹਿ ਚੀਨਾ॥**"

ਗੁਰੂ ਸਾਹਿਬਾਨ ਨਾਲ ਪਿਆਰ-ਸ਼ਰਧਾ ਰੱਖਣ ਵਾਲੇ ਗੁਰਸਿੱਖ ਜਾਣਦੇ ਹਨ ਕਿ ਗੁਰੂ ਸਾਹਿਬਾਨ ਦੇ ਜੀਵਨ ਨਾਲ ਸਬੰਧਤ ਬਹੁਤ ਸਾਖੀਆਂ ਮਿਲਦੀਆਂ ਹਨ, ਜਿਨ੍ਹਾਂ ਤੋਂ ਗੁਰੂ ਸਾਹਿਬਾਨ ਜੀ ਦੇ ਜੀਵਨ, ਕਹਿਣੀ, ਕਰਨੀ ਤੇ ਸੋਚਣੀ ਵਿੱਚੋਂ ਨਿਮਰਤਾ, ਸੇਵਾ, ਪਰਉਪਕਾਰ ਅਤੇ ਸਹਿਣਸ਼ੀਲਤਾ ਦੇ ਹਵਾਲੇ ਮਿਲਦੇ ਹਨ। ਲਾਲਸਾ ਰਹਿਤ ਪਿਆਰ, ਮਿੱਠਤ ਅਤੇ ਨਿਮਰਤਾ ਵਾਲੀ ਸੋਚਣੀ ਤੇ ਕਰਨੀ ਦੇ ਸਦਕਾ ਹੀ ਭਾਈ ਲਹਿਣਾ ਜੀ ਗੁਰੂ ਅੰਗਦ ਬਣੇ ਅਤੇ ਗੁਰੂ-ਪੁੱਤਰਾਂ ਵਾਲੇ ਹੱਕ ਵੀ ਲੈ ਗਏ। ਇਹ ਕੋਈ ਛੋਟੀ ਜਿਹੀ ਗੱਲ ਨਹੀਂ ਕਿ ਗੁਰੂ ਬਾਪ ਕੋਲੋਂ ਜੋ ਕੁਝ ਹੱਕ ਦਾ ਹੰਕਾਰ ਕਰਕੇ ਗੁਰ-ਪੁੱਤਰ ਨਹੀਂ ਪ੍ਰਾਪਤ ਕਰ ਸਕੇ, ਉਹ ਕੁਝ ਭਾਈ ਲਹਿਣੇ ਨੇ ਨਿਮਰਤਾ ਵਿੱਚ ਰਹਿ ਕੇ ਸਹਿਜੇ ਹੀ ਪ੍ਰਾਪਤ ਕਰ ਲਿਆ। ਘਟ ਘਟ ਦੀ ਸੋਝੀ ਰੱਖਣ ਵਾਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਚੰਦ ਜੀ ਨੂੰ ਇਮਤਿਹਾਨਾਂ ਦੇ ਨਿੱਕੇ-ਨਿੱਕੇ ਪਰਚੇ ਪਾਏ, ਪਰ ਉਹ ਹਰ ਵਾਰੀ ਫੇਲ੍ਹ ਹੁੰਦੇ ਰਹੇ। ਭਾਈ ਲਹਿਣਾ ਜੀ ਹਰ ਇਮਤਿਹਾਨ ਵਿੱਚੋਂ ਪਾਸ ਹੋਏ। ਇਵੇਂ ਹੀ ਸੇਵਾ ਅਤੇ ਸਿਮਰਨ ਦੇ ਇਮਤਿਹਾਨ ਵਿੱਚੋਂ ਪਾਸ ਹੋ ਕੇ ਸ੍ਰੀ ਗੁਰੂ ਅਮਰਦਾਸ ਜੀ ਦੀ ਗੁਰਗੱਦੀ 'ਤੇ ਬਿਰਾਜਮਾਨ ਹੋਏ। ਸੇਵਾ, ਨਿਮਰਤਾ, ਸੱਚੀ ਲਗਨ ਅਤੇ ਹੋਰ ਦੈਵੀ ਗੁਣਾਂ ਦੇ ਧਾਰਨੀ ਭਾਈ ਜੇਠਾ ਜੀ ਨੂੰ ਪਹਿਲਾਂ ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਜਵਾਈ ਸਵੀਕਾਰ ਕੀਤਾ ਅਤੇ ਫਿਰ '**ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ**" ਦੇ ਮਹਾਂਵਾਕ ਅਨੁਸਾਰ ਭਾਈ ਜੇਠਾ ਜੀ, ਗੁਰੂ ਦੀ ਪਾਰਸ ਛੋਹ ਸਦਕਾ ਸ੍ਰੀ ਗੁਰੂ ਰਾਮਦਾਸ ਜੀ ਸੋਢੀ ਪਾਤਸ਼ਾਹ ਬਣ ਕੇ ਪ੍ਰਗਟ ਹੋਏ।

ਗੁਰੂ ਨਾਨਕ ਦੀ ਜੋਤ ਦੇ ਵਾਰਸ ਉਹ ਬਣੇ, ਜਿਹੜੇ ਗੁਰੂ ਸਿਧਾਂਤਾਂ ਵਿੱਚ ਪਰਪੱਕ, ਧੁਰ ਦਰਗਾਹੋਂ ਸੰਪੂਰਨ, ਨਿਰਮਲ, ਨਿਰਭਉ, ਨਿਰਵੈਰ, ਬੇਗਰਜ਼, ਮਾਨਵ ਹਿਤਕਾਰੀ ਸੇਵਾ ਭਾਵਨਾ ਦੇ ਪੁੰਜ ਅਤੇ ਇੱਕ ਨਿਰੰਕਾਰ ਦੀ ਸੇਵਾ ਸਰਵਵਿਆਪਕਤਾ ਦੇ ਵਿਸ਼ਵਾਸੀ ਸਨ। ਗੁਰ-ਪੁੱਤਰਾਂ ਬਾਬਾ ਸ੍ਰੀ ਚੰਦ ਜੀ, ਬਾਬਾ ਲਖਮੀ ਦਾਸ ਜੀ, ਦਾਤੂ ਜੀ, ਦਾਸੂ ਜੀ, ਮੋਹਨ ਜੀ, ਪ੍ਰਿਥੀ ਚੰਦ, ਰਾਮਰਾਇ, ਧੀਰਮਲ ਆਦਿ ਦਾ ਪਹਿਲਾਂ ਤਾਂ ਗੁਰੂ-ਸਿਧਾਂਤਾਂ 'ਤੇ ਖਰਾ ਨਾ ਉਤਰਨਾ ਅਤੇ ਬਾਅਦ ਵਿੱਚ ਗੁਰਗੱਦੀ ਲਈ ਸੰਘਰਸ਼ ਕਰਨਾ ਵੀ ਉਨ੍ਹਾਂ ਨੂੰ ਗੁਰਤਾ ਨਾ ਦਿਵਾ ਸਕਿਆ। ਗੁਰੂ ਘਰ ਵਿੱਚ ਪੂਰੇ ਹੀ ਪ੍ਰਵਾਨ ਚੜ੍ਹਦੇ ਹਨ। ਗੁਰੂ ਸਾਹਿਬਾਨ ਨੇ ਇੱਕ ਓਅੰਕਾਰ ਦੇ ਉਪਦੇਸ਼ ਨਾਲ ਇਸਜਗਤ ਨੂੰ ਸਵਾਰਿਆ, ਸੰਗਾਰਿਆ ਅਤੇ ਇੱਕ ਓਅੰਕਾਰ ਦੇ ਸਿਮਰਨ ਦਾ ਉਪਦੇਸ਼ ਦਿੱਤਾ, ਜਿਸ ਦੇ ਸਿਮਰਨ ਨਾਲ ਦੁਖਾਂ-ਕਲੇਸ਼ਾਂ ਦਾ ਨਾਸ਼ ਹੁੰਦਾ ਹੈ। ਸਤਿਗੁਰੂ ਦੇ ਸੰਦੇਸ਼ ਹੈ, "**ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥**" ਸਤਿਗੁਰਾਂ ਵੱਲੋਂ ਇੱਕ ਅਤੇ ਕੇਵਲ ਇੱਕ ਦੇ ਗੁਣ ਅਰਾਧਨ ਦਾ ਹੁਕਮ ਹੈ, "**ਏਕੋ ਜਪਿ ਏਕੋ ਸਾਲਾਹਿ॥ ਏਕੁ ਸਿਮਰਿ ਏਕੋ ਮਨ ਮਾਹਿ॥**"

ਗਿਆਨਹੀਣ ਆਲ-ਪਤਾਲ ਸੁਖਾ ਦੀ ਭਾਲ ਵਿੱਚ ਭਟਕਦੀ ਮਨੁੱਖਤਾ ਨੂੰ ਗੁਰੂ ਸਾਹਿਬਾਨ ਨੇ ਸਮਝਾਇਆ ਕਿ "**ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥ ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥**" ਬਹੁਤ ਉੱਤਮ ਭਾਗਾਂ ਨਾਲ ਉੱਤਮ ਮਨੁੱਖਾ ਜੀਵਨ ਪ੍ਰਾਪਤ ਹੁੰਦਾ ਹੈ। ਇਸ ਜੀਵਨ ਦੇ ਹਰ ਮਾਰਗ ਦੇ ਹਰ ਮੋੜ 'ਤੇ ਸਾਨੂੰ ਦਿਸ਼ਾ ਨਿਰਦੇਸ਼ ਦੇਣ ਲਈ ਗੁਰੂ ਸਾਹਿਬਾਨ ਜੀ ਨੇ ਅਦੁੱਤੀ ਦੇਣ ਗੁਰਬਾਣੀ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਖਸ਼ਿਸ਼ ਕੀਤੀ। ਅਸੀਂ ਸਿੱਖ ਹੋਣ ਦੇ ਨਾਤੇ ਕਿਤਨੇ ਵਡਭਾਗੇ ਹਾਂ ਕਿ ਗੁਰੂ ਸਾਹਿਬਨ ਜੀ ਨੇ ਸਾਨੂੰ ਵਿਲੱਖਣ ਵਿਰਸਾ, ਦਸਤਾਰ, ਕਿਰਦਾਰ, ਨੁਹਾਰ, ਸੰਸਕਾਰ ਅਤੇ ਅਲੌਕਿਕ ਸ਼ਾਨ ਬਖਸ਼ੀ।

"**ਬਾਣੀ ਗੁਰੂ, ਗੁਰੂ ਹੈ ਬਾਣੀ**" ਵਾਲੇ ਅਦੁੱਤੀ ਫਲਸਫੇ ਨੂੰ ਅੱਜ ਦੇ ਸਾਇੰਸ ਯੁੱਗ ਦੇ ਵਿਦਵਾਨਾਂ ਨੇ ਵੀ ਸਲਾਹਿਆ ਹੈ। ਗੁਰੂ ਸਾਹਿਬਾਨ ਦੀ ਅਮੋਲਕ ਦਾਤ ਗੁਰਬਾਣੀ ਲਈ ਸਾਨੂੰ ਮਾਣ-ਮੱਤੇ ਹੋਣਾ ਚਾਹੀਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨ ਕੇ ਗੁਰਮਤ ਦੇ ਗਾਡੀ ਰਾਹ 'ਤੇ ਚਲ ਕੇ ਅਸੀਂ ਆਪਣੇ ਜੀਵਨ ਨੂੰ ਸਰਬ ਸੁਖਾਂ ਦਾ ਸਾਰ ਬਣਾ ਸਕਦੇ ਹਾਂ। ਗੁਰੂ ਸਾਹਿਬਾਨ ਨੇ ਤਾਂ ਡੰਕੇ ਦੀ ਚੋਟ ਨਾਲ ਐਲਾਨ ਕੀਤਾ ਹੈ : "**ਗੁਰ ਕਾ ਕਹਿਆ ਜੇ ਕਰੇ ਸੁਖੀ ਹੂ ਸੁਖ ਸਾਰੁ॥ ਗੁਰ ਕੀ ਕਰਣੀ ਭਉ ਕਟੀਐ ਨਾਨਕ ਪਾਵਹਿ ਪਾਰੁ॥**" ਸੰਸਾਰ ਸਾਗਰ ਤੋਂ ਪਾਰ ਹੋਣ ਲਈ ਜਰੂਰੀ ਹੈ, ਗੁਰੂ ਵਾਲੇ ਬਣਨਾ। ਮਸ਼ਹੂਰ ਅਖਾਣ ਹੈ, '**ਗੁਰੂ ਬਿਨਾ ਗੱਤ ਨਹੀਂ, ਸ਼ਾਹ ਬਿਨਾ ਪੱਤ ਨਹੀਂ।**' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਗੁਰੂ ਵੀ ਹਨ ਅਤੇ ਸ਼ਾਹਾਂ ਸਿਰ ਪਾਤਿਸ਼ਾਹ, ਸਾਡੇ ਸੱਚੇ ਪਾਤਸ਼ਾਹ ਵੀ ਹਨ, ਸੋ ਆਓ ਬਾਣੀ ਗੁਰੂ ਅਤੇ ਗੁਰੂ ਹੈ ਬਾਣੀ ਦੇ ਪੱਕੇ ਵਿਸਵਾਸ਼ ਨਾਲ ਧਾਰਨੀ ਬਣੀਏ ਅਤੇ ਆਪਣਾ ਲੋਕ-ਪਰਲੋਕ ਸੁਹੇਲਾ ਕਰੀਏ।

# ਸੇਵਾ ਦੇ ਪੁੰਜ ਸਨ ਭਗਤ ਪੂਰਨ ਸਿੰਘ ਪਿੰਗਲਵਾੜੇ ਵਾਲੇ



ਕਿਸੇ ਦੇਸ਼ ਦੀ ਸ਼ਕਤੀ ਦੌਲਤ ਨਹੀਂ, ਸਗੋਂ ਉੱਥੋਂ ਦੇ ਲੋਕਾਂ ਦੇ ਆਚਰਨ ਵਿੱਚ ਅਤੇ ਲੋਕ-ਭਲਾਈ ਲਈ ਪਾਏ ਗਏ ਯੋਗਦਾਨ ਵਿੱਚ ਹੁੰਦੀ ਹੈ। ਹਰ ਸਮਾਜ ਵਿੱਚ ਕੁੱਝ ਅਜਿਹੇ ਲੋਕ ਹੁੰਦੇ ਹਨ, ਜੋ ਅੰਗਹੀਣ, ਬਿਮਾਰ ਤੇ ਬੇਕਾਰ ਜਾਂ ਸਮਾਜ ਵੱਲੋਂ ਦੁਰਕਾਰੇ ਗਏ ਹਨ। ਇਨ੍ਹਾਂ ਵਿੱਚ ਕੁੱਝ ਉਹ ਅੰਗਹੀਣ ਵੀ ਹਨ, ਜਿਨ੍ਹਾਂ ਨੂੰ ਕਿਸੇ ਵੀ ਹਸਪਤਾਲ ਵਿੱਚ ਦਾਖਲ ਨਹੀਂ ਕੀਤਾ ਜਾਂਦਾ ਅਤੇ ਉਹ ਸੜਕਾਂ ਤੇ ਹੀ ਰੁਲ-ਰੁਲ ਕੇ ਮਰ ਜਾਂਦੇ ਹਨ, ਫਿਰ ਇਨ੍ਹਾਂ ਦਾ ਧਿਆਨ ਰੱਖਣ ਵਾਲਾ ਕੌਣ ਹੈ? ਇਨ੍ਹਾਂ ਦਾ ਖਿਆਲ ਰੱਖਣ ਵਾਲਾ ਸੀ ਭਗਤ ਪੂਰਨ ਸਿੰਘ ਪਿੰਗਲਵਾੜਾ ਵਾਲੇ। ਭਗਤ ਪੂਰਨ ਸਿੰਘ ਜੀ ਦਾ ਜਨਮ 4 ਜੂਨ 1904 ਈ. ਨੂੰ ਪਿੰਡ ਰਾਜੇਵਾਲ ਰੋਹਣੋਂ ਤਹਿਸੀਲ ਖੰਨਾ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ੍ਰੀ ਸ਼ਿੱਬੂ ਮੱਲ ਸ਼ਾਹੂਕਾਰ ਦੇ ਘਰ ਮਾਤਾ ਮਹਿਤਾਬ ਕੌਰ ਜੀ ਦੀ ਕੁੱਖੋਂ ਹੋਇਆ। ਬਚਪਨ ਤੋਂ ਹੀ ਉਨ੍ਹਾਂ ਨੂੰ ਸੇਵਾ ਕਰਨ ਦਾ ਸ਼ੌਕ ਸੀ। ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਭਗਤ ਪੂਰਨ ਸਿੰਘ ਜੀ ਬਿਨਾਂ ਤਨਖਾਹ ਤੋਂ ਸੇਵਾ ਕਰਨ ਲੱਗੇ। ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ 20 ਸਾਲ ਲਗਾਤਾਰ ਲੰਗਰ ਦੀ, ਜੋੜਿਆਂ ਦੀ, ਯਾਤਰੂਆਂ ਨੂੰ ਬਿਸਤਰੇ ਅਤੇ ਭਾਂਡੇ ਦੇਣ ਦੀ ਨਿਸ਼ਕਾਮ ਸੇਵਾ ਕੀਤੀ। ਭਗਤ ਪੂਰਨ ਸਿੰਘ ਦਾ ਬਚਪਨ ਦਾ ਨਾਂਅ ਰਾਮ ਜੀ ਦਾਸ ਸੀ। ਗੁਰਦੁਆਰਾ ਡੇਹਰਾ ਸਾਹਿਬ ਵਿਖੇ ਕੀਤੀ ਨਿਸ਼ਕਾਮ ਸੇਵਾ ਅਤੇ ਲਾਚਾਰ ਤੇ ਲਾਵਾਰਸ ਰੋਗੀਆਂ ਦੀ ਸੇਵਾ-ਸੰਭਾਲ ਨੇ ਉਨ੍ਹਾਂ ਨੂੰ ਰਾਮ ਜੀ ਦਾਸ ਤੋਂ ਭਗਤ ਪੂਰਨ ਸਿੰਘ ਬਣਾ ਦਿੱਤਾ। ਗਿਆਨੀ ਕਰਤਾਰ ਸਿੰਘ ਅਤੇ ਭਗਤ ਜੀ ਦੀ ਮਾਤਾ ਮਹਿਤਾਬ ਕੌਰ ਨੇ ਇਨ੍ਹਾਂ ਦੀ ਸੇਵਾ ਨੂੰ ਦੇਖ ਕੇ ਭਗਤ ਜੀ ਕਹਿ ਕੇ ਸੰਬੋਧਨ ਕੀਤਾ। ਭਗਤ ਜੀ ਨੇ ਆਪਣੀ ਮਾਂ ਨਾਲ ਇਹ ਵਾਅਦਾ ਕੀਤਾ ਕਿ ਮੈਂ ਉਮਰ ਭਰ ਕੁਆਰਾ ਰਹਾਂਗਾ ਅਤੇ ਬੇਸਹਾਰਾ, ਅਪੰਗਾਂ ਅਤੇ ਗਰੀਬਾਂ ਦੀ ਸੇਵਾ ਵਿੱਚ ਹੀ ਜੀਵਨ ਬਤੀਤ ਕਰਾਂਗਾ। ਭਗਤ ਪੂਰਨ ਸਿੰਘ ਨੇ ਮਨੁੱਖਤਾ ਦੀ ਸੇਵਾ ਦਾ ਮੁੱਢ ਸੰਨ 1934 ਈ. ਵਿੱਚ ਇੱਕ ਚਾਰ ਸਾਲ ਦੇ ਬੱਚੇ ਪਿਆਰਾ ਸਿੰਘ ਦੀ ਸੇਵਾ ਤੋਂ ਸ਼ੁਰੂ ਕੀਤਾ। ਇਸ ਅਪੰਗ ਬੱਚੇ ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਡਿਉਢੀ ਅੱਗੇ ਕੋਈ ਛੱਡ ਗਿਆ ਸੀ। ਇਹ ਬੱਚਾ ਸ਼ਕਲ ਸੂਰਤ ਤੋਂ ਬੜਾ ਕਰੂਪ ਸੀ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨੇ ਬੱਚੇ ਨੂੰ ਭਗਤ ਜੀ ਦੇ ਹਵਾਲੇ ਕਰਕੇ ਆਖਿਆ ਪੂਰਨ ਸਿੰਘ ਤੂੰ ਹੀ ਅੱਜ ਤੋਂ ਇਸ ਬੱਚੇ ਦੀ ਸੇਵਾ ਸੰਭਾਲ ਕਰ। ਭਗਤ ਜੀ ਲਈ ਇਹ ਬੱਚਾ ਪਿਆਰ ਦਾ ਸੋਮਾ ਹੋ ਨਿਬੜਿਆ। ਜਿਸ ਕਰਕੇ ਉਸ ਦਾ ਨਾਂਅ ਪਿਆਰਾ ਸਿੰਘ ਹੋ ਗਿਆ। ਭਗਤ ਪੂਰਨ ਸਿੰਘ 14 ਸਾਲ ਤੱਕ ਇਸ ਲਾਚਾਰ ਬੱਚੇ ਨੂੰ ਵੱਖ-ਵੱਖ ਥਾਵਾਂ 'ਤੇ ਆਪਣੇ ਮੋਢਿਆਂ 'ਤੇ ਚੁੱਕ ਕੇ ਫਿਰਦੇ ਰਹੇ, ਕਿਉਂ ਜੋ ਉਸ ਸਮੇਂ ਉਨ੍ਹਾਂ ਕੋਲ ਕੋਈ ਪੱਕੀ ਜਗ੍ਹਾ ਨਹੀਂ ਸੀ। ਇਸ ਦੌਰਾਨ ਭਗਤ ਪੂਰਨ ਸਿੰਘ ਜੀ ਨੂੰ ਜੋ ਵੀ ਸਮਾਂ ਮਿਲਦਾ, ਉਹ ਵੱਖ-ਵੱਖ ਲਾਇਬ੍ਰੇਰੀਆਂ ਵਿੱਚ ਸਮਾਜ ਦੀਆਂ ਵੱਖ-ਵੱਖ ਸਮੱਸਿਆਵਾਂ ਦਾ ਅਧਿਐਨ ਕਰਦੇ ਅਤੇ ਉਨ੍ਹਾਂ ਦੇ ਦੁੱਖਾਂ ਦੇ ਹੱਲ ਬਾਰੇ ਸੋਚਦੇ। ਭਗਤ ਜੀ ਦਾ ਅਕਾਲ ਪੁਰਖ ਤੇ ਅਟੁੱਟ ਵਿਸ਼ਵਾਸ ਅਤੇ ਦੁੱਖੀ ਮਨੁੱਖਤਾ ਦੀ ਸੇਵਾ ਕਰਨ ਦੀ ਪ੍ਰਬਲ ਇੱਛਾ ਕਰਕੇ ਹੀ ਇਹ ਸੰਭਵ ਹੋ ਸਕਿਆ। 1947 ਵਿੱਚ ਦੇਸ਼ ਦੀ ਵੰਡ ਉਪਰੰਤ ਖਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਰਹੇ। 1948 ਤੋਂ 1955 ਈ. ਤੱਕ ਫੁੱਟਪਾਥਾਂ, ਰੁੱਖਾਂ ਦੀ ਛਾਵੇਂ, ਕਦੇ ਖਾਲਸਾ ਕਾਲਜ ਕੋਲ, ਕਦੇ ਰੇਲਵੇ ਸਟੇਸ਼ਨ ਕੋਲ, ਕਦੇ ਚੀਫ ਖਾਲਸਾ ਦੀਵਾਨ ਦੇ ਕੋਲ, ਕਦੇ ਗੁਰੂ ਤੇਗ ਬਹਾਦਰ ਦੇ ਕੋਲ ਕਦੇ ਰੈੱਡ ਕਰਾਸ ਭਵਨ ਕੋਲ ਝੌਂਪੜੀਆਂ ਬਣਾ ਕੇ ਪੀੜ੍ਹਤ ਲੋਕਾਂ ਦੀ ਇਨ੍ਹਾਂ ਨੇ ਸੇਵਾ ਸੰਭਾਲ ਕੀਤੀ। ਸੰਨ 1958 ਈ. ਵਿੱਚ ਤਹਿਸੀਲਪੁਰਾ ਜੀ.ਟੀ.ਰੋਡ ਅੰਮ੍ਰਿਤਸਰ ਵਿਖੇ ਜਗ੍ਹਾ ਮੁੱਲ ਖਰੀਦ ਕੇ ਭਗਤ ਜੀ ਨੇ ਪਿੰਗਲਵਾੜੇ ਦੀ ਨੀਂਹ ਰੱਖੀ। 6 ਮਾਰਚ 1957 ਨੂੰ ਆਲ ਇੰਡੀਆ ਪਿੰਗਲਵਾੜਾ ਸੋਸਾਇਟੀ (ਰਜਿ.) ਕਰਵਾ ਲਈ। ਪਿੰਗਲਵਾੜਾ ਜੋ ਭਗਤ ਪੂਰਨ ਸਿੰਘ ਜੀ ਨੇ ਕੁੱਝ ਕੁ ਮਰੀਜ਼ਾਂ ਨੂੰ ਲੈ ਕੇ ਬੀਜ ਰੂਪ ਵਿੱਚ ਸ਼ੁਰੂ ਕੀਤਾ। ਅੱਜ 1700 ਮਰੀਜ਼ ਜਿਨ੍ਹਾਂ ਵਿੱਚ ਔਰਤਾਂ, ਬੱਚੇ ਤੇ ਬੁੱਢੇ ਸ਼ਾਮਲ ਹਨ। ਭਗਤ ਪੂਰਨ ਸਿੰਘ ਨੂੰ ਭਾਰਤ ਸਰਕਾਰ ਵੱਲੋਂ 1981 ਵਿੱਚ ਪਦਮ ਸ੍ਰੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ, ਪਰ ਭਾਰਤ ਸਰਕਾਰ ਵੱਲੋਂ 1984 ਵਿੱਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੇ ਹੋਏ ਹਮਲੇ ਸਮੇਂ ਉਨ੍ਹਾਂ ਨੇ ਇਹ ਐਵਾਰਡ ਵਾਪਸ ਕਰ ਦਿੱਤਾ ਸੀ। ਉਨ੍ਹਾਂ ਨੂੰ 1990 ਵਿੱਚ ਹਾਰਮਨੀ ਐਵਾਰਡ, 1991 ਵਿੱਚ ਰੋਗ ਰਤਨ ਐਵਾਰਡ ਪ੍ਰਾਪਤ ਹੋਏ। ਸੇਵਾ ਦੇ ਪੁੰਜ ਭਗਤ ਪੂਰਨ ਸਿੰਘ ਜੀ 5 ਅਗਸਤ 1992 ਈ. ਨੂੰ 88 ਸਾਲ ਦੀ ਉਮਰ ਬਤੀਤ ਕਰਕੇ ਸੱਚਖੰਡ ਜਾ ਬਿਰਾਜੇ।




ਭਗਵਾਨ ਸਿੰਘ ਲੁਬਾਣਾ
ਸੰਪਾਦਕ
98155-40240

# ਭਾਰਤ ਕਿਉਂ ਨਹੀਂ ਬਣ ਸਕਿਆ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼?

**“ਦੇਸ਼ ਦੇ ਆਮ ਲੋਕਾਂ ਨੂੰ ਹੁਣ ਫੋਕੇ ਲਾਰਿਆਂ, ਵਾਅਦਿਆਂ, ਭਰੋਸਿਆਂ ਅਤੇ ਦਿਲਾਸਿਆਂ ਦੀ ਲੋੜ ਨਹੀਂ। ਅੱਜ ਸਮੇਂ ਦੀ ਇਹ ਮੰਗ ਹੈ ਕਿ ਵੋਟਾਂ ਵੇਲੇ ਜੋ ਹੱਥ ਲੋਕਾਂ ਅੱਗੇ ਜੁੜਦੇ ਹਨ, ਰਾਜਗੱਦੀ ’ਤੇ ਬਹਿ ਕੇ ਉਹ ਲੋਕਾਂ ਲਈ ਮੁੱਕੇ ਨਾ ਬਣਨ। ਆਮ ਲੋਕਾਂ ਦੇ ਦੁੱਖਾਂ-ਦਰਦਾਂ ਨੂੰ ਸਮਝਣ ਲਈ ਵੱਡੇ ਉਪਰਾਲੇ ਕੀਤੇ ਜਾਣ। ਫ਼ਿਰਕਾਪ੍ਰਸਤ ਤਾਕਤਾਂ ਨੂੰ ਪਛਾੜ ਕੇ ਦੇਸ਼ ਹਿਤਾਂ ਲਈ ਕੰਮ ਕੀਤੇ ਜਾਣ। ਪੂਰੇ ਦੇਸ਼ ਦੇ ਕਿਸਾਨਾਂ ਮਜ਼ਦੂਰਾਂ ਦੀ ਬਾਂਹ ਫੜੀ ਜਾਵੇ। ਹਰ ਵਰਗ ਦੇ ਬੱਚਿਆਂ ਦੀ ਪੜ੍ਹਾਈ ਇਕਸਾਰ ਹੋਵੇ। ਨੌਜੁਆਨਾਂ ਲਈ ਵੱਧ ਤੋਂ ਵੱਧ ਰੁਜ਼ਗਾਰ ਦੇ ਵਸੀਲੇ ਪੈਦਾ ਕੀਤੇ ਜਾਣ। ਆਮ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਸਰਕਾਰਾਂ ਆਪਣੇ ਫ਼ਰਜ਼ ਸਮਝਣ।”**

15ਅ ਗਸਤ1 947ਨੂੰ ਅ ਸੀਂਅ ਾਜ਼ਾਦਹ ੋਏ॥ ਇਸੇਂ ਦਨਹ ੀ ਹਿੰਦੁਸਤਾਨ ਦੀ ਧਰਤੀ ਦੋ ਹਿੱਸਿਆਂ ਵਿਚ ਵੰਡੀ ਗਈ। ਉੱਤਰੀ ਭਾਰਤ ਦੇ ਖ਼ੁਸ਼ਹਾਲ ਖਿੱਤੇ ਪੰਜਾਬ ਨੂੰ ਆਜ਼ਾਦੀ ਦੀ ਬਹੁਤ ਵੱਡੀ ਕੀਮਤ ਤਾਰਨੀ ਪਈ। ਸਦੀਆਂ ਤੋਂ ਇਕੱਠੇ ਰਹਿ ਰਹੇ ਲੱਖਾਂ ਲੋਕਾਂ ਨੂੰ ਘਰ-ਬਾਰ ਛੱਡ ਕੇ ਇਧਰੋਂ ਧਰਮ ਦੇ ਨਾਂਅ ’ਤੇ ਨਵੇਂ ਬਣੇ ਦੇਸ਼ ਪਾਕਿਸਤਾਨ ਜਾਣਾ ਪਿਆ ਤੇ ਉਧਰੋਂ ਇਧਰ ਆਉਣਾ ਪਿਆ। ਇਹ ਧਰਮ ਆਧਾਰਿਤ ਵੰਡ ਸੀ। ਦਸ ਲੱਖ ਦੇ ਕਰੀਬ ਲੋਕ ਫ਼ਸਾਦਾਂ ਵਿਚ ਕਤਲ ਹੋਏ। ਹਜ਼ਾਰਾਂ ਮੁਟਿਆਰਾਂ ਨੇ ਇਸ ਦੌਰਾਨ ਆਪਣੀ ਇੱਜ਼ਤ-ਆਬਰੂ ਬਚਾਉਣ ਲਈ ਆਪਣੀ ਜਾਨ ਦੀ ਅਹੂਤੀ ਦਿੱਤੀ। ਲੋਕ ਆਪਣੀਆਂ ਜੜ੍ਹਾਂ ਤੋਂ ਹਿੱਲ ਗਏ। ਆਪਣੇ ਆਪ ਨੂੰ ਗਵਾ ਆਏ ਲੋਕ ਸਾਲਾਂ ਤੱਕ ਆਪਣੇ ਆਪੇ ਨੂੰ ਲੱਭਦੇ ਬਰਬਾਦੀ ਦੀ ਦਾਸਤਾਨ ਸੁਣਾਉਂਦੇ ਅਤੇ ਅਤੀਤ ਨੂੰ ਯਾਦ ਕਰਕੇ ਹੌਕੇ ਭਰਦੇ ਅੱਜ ਵੀ ਵੇਖੇ ਜਾ ਸਕਦੇ ਹਨ। ਆਪਣੀ ਧਰਤੀ ਤੋਂ ਉੱਖੜ ਕੇ ਹਵਾ ਵਿਚ ਲਟਕਦੇ ਲੋਕ ਪੁੱਛਦੇ ਰਹੇ ਕਿ ਕੀ ਕਰਨੀ ਅਸੀਂ ਇਹ ਆਜ਼ਾਦੀ?



ਦੇਸ਼ ਨੂੰ ਆਜ਼ਾਦ ਕਰਾਉਣ ਲਈ ਹਰ ਧਰਮ, ਜਾਤ ਦੇ ਲੋਕਾਂ ਨੇ ਬਹੁਤ ਵੱਡੀਆਂ ਕੁਰਬਾਨੀਆਂ ਦਿੱਤੀਆਂ ਪਰ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਪੰਜਾਬ ਦੇ ਲੋਕਾਂ ਦੇ ਹਿੱਸੇ ਆਈਆਂ। ਆਜ਼ਾਦੀ ਮਿਲਣ ’ਤੇ ਸੰਤਾਪ ਵੀ ਸਭ ਤੋਂ ਵੱਧ ਪੰਜਾਬ ਦੇ ਲੋਕਾਂ ਨੂੰ ਭੋਗਣਾ ਪਿਆ। ਅੱਜ ਜਿਸ ਆਜ਼ਾਦੀ ਦੇ ਅਸੀਂ ਅੱਜ ਜਸ਼ਨ ਮਨਾਉਂਦੇ ਹਾਂ, ਇਹ ਉਹ ਆਜ਼ਾਦੀ ਨਹੀਂ ਹੈ, ਜਿਸ ਨੂੰ ਸਾਡੇ ਮਹਾਨ ਸ਼ਹੀਦਾਂ ਨੇ ਚਿਤਵਿਆ ਸੀ। ਇੱਥੇ ਸਾਨੂੰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਉਹ ਸ਼ਬਦ ਨੂੰ ਯਾਦ ਆਉਂਦੇ ਹਨ, ਜੋ ਉਨ੍ਹਾਂ ਫਾਂਸੀ ਦਿੱਤੇ ਜਾਣ ਤੋਂ ਕੁਝ ਦਿਨ ਪਹਿਲਾਂ ਆਪਣੇ ਕ੍ਰਾਂਤੀਕਾਰੀ ਸਾਥੀਆਂ ਦੇ ਨਾਂਅ ਇਕ ਖਤ ਵਿਚ ਲਿਖੇ ਸਨ। ਭਗਤ ਸਿੰਘ ਨੇ ਲਿਖਿਆ ਸੀ, ‘ਬਸਤੀਵਾਦੀ ਅੰਗਰੇਜ਼ ਹਕੂਮਤ ਖਿਲਾਫ਼ ਲੜਾਈ ਸਾਡੀ ਅੰਤਿਮ ਲੜਾਈ ਨਹੀਂ, ਇਹ ਲੜਾਈ ਤਾਂ ਸਾਡਾ ਪਹਿਲਾ ਮੋਰਚਾ ਹੈ, ਅਸਲੀ ਲੜਾਈ ਤਾਂ ਇਸ ਤੋਂ ਬਾਅਦ ਨਾਬਰਾਬਰੀ ਅਤੇ ਬੇਇਨਸਾਫ਼ੀ ਦਾ ਖ਼ਾਤਮਾ ਕਰਨ ਲਈ ਲੜੀ ਜਾਵੇਗੀ।’ ਜੰਗ-ਏ-ਆਜ਼ਾਦੀ ਦੇ ਮਹਾਨ ਸ਼ਹੀਦਾਂ ਦੀਆਂ ਵੱਡੀਆਂ ਲਾਸਾਨੀ ਕੁਰਬਾਨੀਆਂ ਨਾਲ ਇਹ ਦੇਸ਼ ਆਜ਼ਾਦ ਹੋਇਆ। ਪਰ ਮਹਾਨ ਸ਼ਹੀਦਾਂ ਦੇ ਅਸਲ ਮਨੋਰਥ ਨੂੰ ਵਿਸਾਰ ਦਿੱਤਾ ਗਿਆ। ਜਿਸ ਨਿਜ਼ਾਮ ਨੂੰ ਬਦਲਣ ਲਈ ਆਜ਼ਾਦੀ ਦੀ ਵੇਦੀ ’ਤੇ ਹਜ਼ਾਰਾਂ ਸੂਰਬੀਰ ਕੁਰਬਾਨ ਹੋਏ, ਦੇਸ਼ ਦੋ ਹਿੱਸਿਆਂ ਵਿਚ ਵੰਡਿਆ ਗਿਆ, ਉਸ ਨਿਜ਼ਾਮ ਨੂੰ ਬਦਲਿਆ ਨਹੀਂ ਜਾ ਸਕਿਆ। ਇਸ ਦਾ ਕਾਰਨ ਸ਼ਾਇਦ ਇਹ ਸੀ ਕਿ ਦੇਸ਼ ਦੇ ਲੋਕਾਂ ਨੂੰ ਵੱਡੇ ਲਾਰੇ ਲਾ ਕੇ ਪ੍ਰਚਾਇਆ ਗਿਆ। ਦੂਜਾ ਕਾਰਨ ਇਹ ਸੀ ਕਿ ਦੇਸ਼ ਵੰਡ ਨਾਲ ਬਰਬਾਦੀਆਂ ਦਾ ਸ਼ਿਕਾਰ ਹੋਏ ਲੱਖਾਂ ਲੋਕਾਂ ਨੂੰ ਰੋਜ਼ੀ-ਰੋਟੀ ਦੀ ਫਿਕਰ ਨੇ ਸ਼ਹੀਦਾਂ ਦੇ ਅਸਲ ਮਨੋਰਥ ਤੋਂ ਭਟਕਾ ਦਿੱਤਾ।

ਆਜ਼ਾਦ ਭਾਰਤ ਦੇ ਲੋਕ ਪਿਛਲੇ 69 ਸਾਲਾਂ ਤੋਂ ਹਰ ਪੰਜ ਸਾਲ ਬਾਅਦ ਆਪਣੇ ਚੰਗੇ ਭਵਿੱਖ ਦੀ ਆਸ ਨਾਲ ਸਰਕਾਰਾਂ ਚੁਣਦੇ ਹਨ। ਹਰ ਵਾਰ ਚਿਹਰੇ ਬੇਸ਼ੱਕ ਬਦਲਦੇ ਹਨ ਪਰ ਬਾਹਲਾ ਕੁਝ ਬਦਲਦਾ ਨਹੀਂ ਅਤੇ ਨਾ ਹੀ ਬਦਲਣ ਦੀ ਆਸ ਨਜ਼ਰ ਆ ਰਹੀ ਹੈ। ਆਜ਼ਾਦੀ ਲਈ ਕੁਰਬਾਨੀਆਂ ਤਾਂ ਹਰ ਵਰਗ, ਜਾਤ, ਧਰਮ ਦੇ ਲੋਕਾਂ ਨੇ ਕੀਤੀਆਂ ਪਰ ਆਜ਼ਾਦੀ ਦਾ ਨਿੱਘ ਇਕ ਖ਼ਾਸ ਵਰਗ ਨੂੰ ਨਸੀਬ ਹੋਇਆ। ਇਨ੍ਹਾਂ ’ਚੋਂ ਕਈ ਘਰਾਣੇ ਉਹ ਹਨ, ਜੋ ਆਜ਼ਾਦੀ ਤੋਂ ਪਹਿਲਾਂ ਵੀ ਅੰਗਰੇਜ਼ ਹਕੂਮਤ ਦੇ ਵਫ਼ਾਦਾਰ ਬਣੇ ਰਹੇ। ਬੇਸ਼ੱਕ ਦੇਸ਼ ਨੇ ਵੱਖ-ਵੱਖ ਖੇਤਰਾਂ ਵਿਚ ਤਰੱਕੀ ਹਾਸਲ ਵੀ ਕੀਤੀ ਪਰ ਆਮ ਲੋਕਾਂ ਦੀਆਂ ਜਿਊਣ ਹਾਲਤਾਂ ਸੁਧਾਰਨ, ਨਿਆਂ, ਇਨਸਾਫ਼, ਗ਼ਰੀਬੀ, ਮੰਦਹਾਲੀ ਅਤੇ ਬੇਰੁਜ਼ਗਾਰੀ ਦੂਰ ਕਰਨ ਲਈ ਜੋ ਕੁਝ ਕੀਤਾ ਜਾਣਾ ਚਾਹੀਦਾ ਸੀ, ਉਹ ਨਹੀਂ ਕੀਤਾ ਜਾ ਸਕਿਆ। ਆਜ਼ਾਦੀ ਤੋਂ

ਬਾਅਦ ਇੱਥੇ ਅਮੀਰੀ-ਗ਼ਰੀਬੀ ਦਾ ਪਾੜਾ ਬੜੀ ਤੇਜ਼ੀ ਨਾਲ ਵਧਿਆ ਹੈ। ਬਹੁਗਿਣਤੀ ਲੋਕ ਸੱਤ ਦਹਾਕੇ ਬੀਤਣ ਦੇ ਬਾਅਦ ਵੀ ਮੁਢਲੀਆਂ ਲੋੜਾਂ ਦੇ ਮੁਥਾਜ ਹਨ। ਲੱਖਾਂ ਬੇਘਰੇ ਲੋਕ ਗਲ ਪਾਟੀਆਂ ਲੀਰਾਂ ਪਾਈ ਪੁਲਾਂ, ਰੇਲਵੇ ਸਟੇਸ਼ਨਾਂ ਦੇ ਸਹਾਰੇ ਦਿਨ ਕਟੀ ਕਰ ਰਹੇ ਹਨ। ਕਿਸਾਨਾਂ ਮਜ਼ਦੂਰਾਂ ਦੀ ਬਾਂਹ ਫੜਨ ਵਾਲਾ ਕੋਈ ਨਜ਼ਰ ਨਹੀਂ ਆ ਰਿਹਾ। ਮੰਦਹਾਲੀ ਦਾ ਸ਼ਿਕਾਰ ਹੋਏ ਉਹ ਵੱਡੀ ਤਾਦਾਦ ਵਿਚ ਆਤਮ-ਹੱਤਿਆਵਾਂ ਕਰ ਰਹੇ ਹਨ। ਆਜ਼ਾਦ ਭਾਰਤ ਦੀਆਂ ਰਾਜਗੱਦੀਆਂ ਦਾ ਨਿੱਘ ਮਾਣ ਰਹੇ ਅਤੇ ਮਾਣਦੇ ਆਏ ਲੋਕਾਂ ਲਈ ਇਹ ਸ਼ਰਮਨਾਕ ਗੱਲਾਂ ਹਨ। ਦੇਸ਼ ਦੇ ਲੱਖਾਂ ਪੜ੍ਹੇ-ਲਿਖੇ ਨੌਜਵਾਨ ਲੜਕੇ-ਲੜਕੀਆਂ ਸੜਕਾਂ, ਚੌਕਾਂ ਵਿਚ ਰੁਜ਼ਗਾਰ ਲਈ ਧਰਨੇ-ਮੁਜ਼ਾਹਰੇ ਕਰਦੇ ਹਨ। ਇਨ੍ਹਾਂ ਨੂੰ ਅੰਗਰੇਜ਼ ਹਕੂਮਤ ਦੀ ਤਰਜ਼ 'ਤੇ ਅਕਸਰ ਛੱਲੀਆਂ ਵਾਂਗ ਕੁੱਟਿਆ ਮਾਰਿਆ ਜਾਂਦਾ ਹੈ। ਉਨ੍ਹਾਂ ਨੂੰ ਅਹਿਸਾਸ ਕਰਾਇਆ ਜਾਂਦਾ ਹੈ ਕਿ ਇਸ ਦੇਸ਼ ਦੇ ਮਾਲਕ ਤੁਸੀਂ ਨਹੀਂ ਹੋ ਬਲਕਿ ਰਾਜਗੱਦੀਆਂ 'ਤੇ ਬੈਠੇ ਲੋਕ ਹਨ ਅਤੇ ਉਹ ਆਪਣੀ ਮਰਜ਼ੀ ਅਨੁਸਾਰ ਨੀਤੀਆਂ ਘੜਨਗੇ। ਥਾਣਿਆਂ-ਕਚਹਿਰੀਆਂ ਵਿਚ ਮਨੁੱਖੀ ਹੱਕਾਂ ਦਾ ਘਾਣ ਹੁੰਦਾ ਹੈ। ਨਿਆਂ ਇਨਸਾਫ਼ ਲੈਣ ਲਈ ਲੋਕਾਂ ਨੂੰ ਇਸ ਦੀ ਵੱਡੀ ਕੀਮਤ ਤਾਰਨੀ ਪੈ ਰਹੀ ਹੈ।

ਸਾਡੇ ਦੇਸ਼ ਨੂੰ ਤਿੰਨ ਨਾਵਾਂ ਇੰਡੀਆ, ਭਾਰਤ ਅਤੇ ਹਿੰਦੁਸਤਾਨ ਦੇ ਨਾਂਅ ਨਾਲ ਬੁਲਾਇਆ ਜਾਂਦਾ ਹੈ। ਆਜ਼ਾਦੀ ਤੋਂ ਬਾਅਦ ਦਾ ਦੇਸ਼ ਇਨ੍ਹਾਂ ਤਿੰਨ ਅਵਸਥਾਵਾਂ ਵਿਚ ਵੰਡਿਆ ਵੀ ਨਜ਼ਰ ਆਉਂਦਾ ਹੈ। 'ਇੰਡੀਆ' ਲਫਜ਼ ਉਨ੍ਹਾਂ ਲੋਕਾਂ ਦੀ ਨੁਮਾਇੰਦਗੀ ਕਰਦਾ ਹੈ, ਜੋ ਸਰਕਾਰਾਂ ਨੂੰ ਆਪਣੇ ਢੰਗ ਨਾਲ ਚਲਾਉਣ ਦੀ ਤਾਕਤ ਰੱਖਦੇ ਹਨ। ਵੱਡੇ-ਵੱਡੇ ਧਨਾਢਾਂ ਦੀ ਇਸ ਜਮਾਤ ਕੋਲ ਬੇਤਹਾਸ਼ਾ ਸਰਮਾਇਆ ਇਕੱਠਾ ਹੋਇਆ ਹੈ। ਦੇਸ਼ ਦੇ ਕੇਵਲ 1 ਫ਼ੀਸਦੀ ਧਨਾਢ ਲੋਕ ਮੁਲਕ ਦੇ 50 ਫ਼ੀਸਦੀ ਸਰਮਾਏ 'ਤੇ ਕਾਬਜ਼ ਹਨ। ਦੇਸ਼ਾਂ ਦੇਸ਼ਾਂਤਰਾਂ ਦੇ ਹੱਦ-ਬੰਨੇ ਇਨ੍ਹਾਂ ਲਈ ਕੋਈ ਅਰਥ ਨਹੀਂ ਰੱਖਦੇ। ਇਹ ਲੋਕ ਆਜ਼ਾਦੀ ਤੋਂ ਬਾਅਦ ਤੇਜ਼ੀ ਨਾਲ ਅਮੀਰ ਹੋਏ, ਬੇਤਹਾਸ਼ਾ ਸਰਮਾਇਆ ਇਨ੍ਹਾਂ ਨੇ ਇਕੱਠਾ ਕੀਤਾ। ਸਰਕਾਰ ਕੋਈ ਵੀ ਹੋਵੇ, ਇਨ੍ਹਾਂ ਦੇ ਕਾਰੋਬਾਰ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਦੇ ਆਏ ਹਨ ਅਤੇ ਕਰ ਰਹੇ ਹਨ। ਸਰਕਾਰਾਂ ਇਨ੍ਹਾਂ ਦੇ ਜਾਨ-ਮਾਲ ਦੀ ਰਾਖੀ ਕਰਕੇ ਆਪਣੇ ਧੰਨਭਾਗ ਸਮਝਦੀਆਂ ਹਨ। ਇਨ੍ਹਾਂ ਨੂੰ ਸਰਕਾਰੀ ਬੈਂਕਾਂ ਤੋਂ ਵੱਡੀਆਂ ਸਬਸਿਡੀਆਂ ਦੱਤੀਆਂਜ ਾਂਦੀਆਂਹ ਨ।ਪ੍ਰਸ਼ਾਸਨਿਕ ਵਿਵਸਥਾਅ ਤੇ ਪੁਲਿਸ ਤੰਤਰ 'ਇੰਡੀਆ' ਦੀ ਸੇਵਾ ਲਈ ਤਤਪਰ ਰਹਿੰਦਾ ਹੈ। ਦੂਜੀ ਜਮਾਤ ਜੋ 'ਭਾਰਤ' ਦੀ ਨੁਮਾਇੰਦਗੀ ਕਰਦੀ ਹੈ, ਮੱਧ ਵਰਗੀ ਲੋਕ ਹਨ। ਇਨ੍ਹਾਂ ਦੇ ਹਾਲਾਤ ਭਾਵੇਂ ਠੀਕ ਹਨ, ਦੇਸ਼ ਦੇ ਵੱਖ-ਵੱਖ ਖਿੱਤਿਆਂ ਵਿਚ ਅਕਸਰ ਅਜਿਹੇ ਹਾਲਾਤ ਬਣ ਜਾਂਦੇ ਹਨ, ਜਦੋਂ ਇਹ ਜਮਾਤ ਵੀ ਆਪਣੇ-ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗ ਪੈਂਦੀ ਹੈ। ਤੀਜੀ 'ਹਿੰਦੁਸਤਾਨ' ਸ਼ਬਦ ਦੀ ਨੁਮਾਇੰਦਗੀ ਕਰਨ ਵਾਲੀ ਜਮਾਤ ਦੀ ਅੱਜ ਵੀ ਹਾਲਤ ਉਹੀ ਹੈ ਜੋ ਆਜ਼ਾਦੀ ਤੋਂ ਪਹਿਲਾਂ ਸੀ। ਆਜ਼ਾਦੀ ਦੇ 69 ਸਾਲ ਬੀਤ ਜਾਣ 'ਤੇ ਵੀ ਦੇਸ਼ ਦੀ ਲਗਪਗ ਅੱਧੀ ਆਬਾਦੀ ਅਤਿ ਮੰਦੇ ਹਾਲ ਵਿਚ ਹੈ। ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰੀ ਕਦਰਾਂ-ਕੀਮਤਾਂ ਦੇ ਢਾਂਚੇ ਵਾਲੇ ਇਸ ਦੇਸ਼ ਦੀ ਮੌਜੂਦਾ ਵਿਵਸਥਾ ਵਿਚ ਆਮ ਲੋਕ ਮਹਿਜ਼ ਵੋਟ ਬਣ ਕੇ ਰਹਿ ਗਏ ਹਨ। ਦੇਸ਼ ਦੇ ਕਰੋੜਾਂ ਲੋਕ, ਜਿਨ੍ਹਾਂ ਦੇ ਵੱਡੇ ਵਡੇਰਿਆਂ ਨੇ ਦੇਸ਼ ਦੀ ਆਜ਼ਾਦੀ, ਵਿਕਾਸ ਅਤੇ ਤਰੱਕੀ ਲਈ ਕਿਸੇ ਨਾ ਕਿਸੇ ਰੂਪ ਵਿਚ ਆਪਣਾ ਖ਼ੂਨ ਪਸੀਨਾ ਵਹਾਇਆ, ਨੂੰ ਹਾਸ਼ੀਏ 'ਤੇ ਕਰ ਦੇਣ ਦੀ ਕਵਾਇਦ ਚੱਲ ਰਹੀ ਹੈ। ਦੇਸ਼ ਦੇ ਲੱਖਾਂ ਕਿਰਤੀ ਕਿਸਾਨ, ਮਜ਼ਦੂਰ ਪੂਰੀ ਜ਼ਿੰਦਗੀ ਹੱਡ ਭੰਨਵੀਂ ਮਿਹਨਤ ਕਰਦੇ ਹਨ ਅਤੇ ਅੰਤ ਨੂੰ ਇਨ੍ਹਾਂ ਦੇ ਹੱਥ ਖਾਲੀ ਹੁੰਦੇ ਹਨ। ਇਨ੍ਹਾਂ ਕੋਲ ਆਪਣੇ ਬੱਚਿਆਂ ਨੂੰ ਚੰਗੀ ਵਿੱਦਿਆ ਦਿਵਾਉਣ ਲਈ ਚੰਗੇ ਸਾਧਨ ਨਹੀਂ ਹਨ। ਮਾਮੂਲੀ ਬਿਮਾਰੀਆਂ ਦੇ ਇਲਾਜ ਲਈ ਪੈਸੇ ਨਹੀਂ ਹਨ। ਇਨ੍ਹਾਂ ਬਦਕਿਸਮਤ ਲੋਕਾਂ ਨੂੰ ਸਰਕਾਰਾਂ ਰੁਜ਼ਗਾਰ ਦੇ ਕੇ ਸਾਧਨ ਸੰਪੰਨ ਕਰਕੇ ਸਵੈਮਾਣ ਦੀ ਜ਼ਿੰਦਗੀ ਜਿਉਣ ਲਈ ਯਤਨ ਨਹੀਂ ਕਰਦੀਆਂ। ਦਹਾਕਿਆਂ ਤੋਂ ਮੰਦਹਾਲੀ ਦਾ ਜੀਵਨ ਜਿਊ ਰਹੇ ਇਨ੍ਹਾਂ ਲੱਖਾਂ ਲੋਕਾਂ ਨੂੰ ਗ਼ਰੀਬੀ-ਮੰਦਹਾਲੀ 'ਚੋਂ ਕੱਢਣ ਲਈ ਦੇਸ਼ ਦੀ ਕਿਸੇ ਪਾਰਟੀ ਕੋਲ ਕੋਈ ਠੋਸ ਪ੍ਰੋਗਰਾਮ ਨਹੀਂ ਹੈ। ਹਰ ਵਾਰ ਇਨ੍ਹਾਂ ਕਿਸਮਤ ਦੇ ਮਾਰੇ ਲੋਕਾਂ ਨੂੰ ਥੋਕ ਵਿਚ ਨਾਅਰੇ ਵਾਅਦੇ ਵੇਚੇ ਜਾਂਦੇ ਹਨ।

ਹਰ ਪੰਜ ਸਾਲ ਬਾਅਦ ਦੇਸ਼ ਦੇ ਆਜ਼ਾਦੀ ਦਿਹਾੜੇ 'ਤੇ ਹੁੰਦੇ ਸਰਕਾਰੀ ਪ੍ਰੋਗਰਾਮਾਂ ਵਿਚ ਤਕਰੀਰਾਂ ਵਿਚ ਇਹ ਕਿਹਾ ਜਾਂਦਾ ਹੈ ਕਿ ਦੇਸ਼ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਬਣਾਉਣਾ ਅਜੇ ਬਾਕੀ ਹੈ। ਜੇਕਰ ਸੱਤ ਦਹਾਕੇ ਬੀਤਣ ਦੇ ਬਾਅਦ ਵੀ ਦੇਸ਼ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਨਹੀਂ ਬਣ ਸਕਿਆ ਤਾਂ ਕੌਣ ਲੋਕ ਹਨ ਜੋ ਇਸ ਵਿਚ ਰੁਕਾਵਟਾਂ ਬਣਦੇ ਆਏ ਹਨ? ਦੇਸ਼ ਦਾ ਪੜ੍ਹਿਆ-ਲਿਖਿਆ ਤਬਕਾ ਬੜੀ ਤੇਜ਼ੀ ਨਾਲ ਬਾਹਰਲੇ ਮੁਲਕਾਂ ਦਾ ਰੁਖ਼ ਕਰ ਰਿਹਾ ਹੈ।

ਬੇਰਜ਼ੁਗਾਰੀ ਸਭ ਤਰ੍ਹਾਂ ਦੇ ਹੱਦ-ਬੰਨੇ ਪਾਰ ਗਈ ਹੈ। ਇਕ ਚਪੜਾਸੀ ਦੀ ਨੌਕਰੀ ਲਈ ਇਕ ਲੱਖ ਲੋਕ ਇਕੱਠੇ ਹੋ ਜਾਂਦੇ ਹਨ। ਪ੍ਰਸ਼ਾਸਨਿਕ ਵਿਵਸਥਾ ਸੁਧਰਨ ਦੀ ਬਜਾਏ ਦਿਨੋ-ਦਿਨ ਵਿਗੜ ਰਹੀ ਹੈ। ਦੇਸ਼ ਦਾ ਕੁਦਰਤੀ ਵਾਤਾਵਰਨ ਤੇਜ਼ੀ ਨਾਲ ਬਰਬਾਦ ਕੀਤਾ ਜਾ ਰਿਹਾ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਬੇਵਿਸ਼ਵਾਸੀ ਦਾ ਮਾਹੌਲ ਬਣ ਰਿਹਾ ਹੈ। ਵੱਡੇ ਪੱਧਰ 'ਤੇ ਫ਼ਿਰਕਾਪ੍ਰਸਤੀ ਨੂੰ ਜਾਣਬੁੱਝ ਕੇ ਹਵਾ ਦਿੱਤੀ ਜਾ ਰਹੀ ਹੈ। ਅੰਧਵਿਸ਼ਵਾਸ ਅਤੇ ਰੂੜ੍ਹੀਵਾਦੀ ਸਰਗਰਮੀਆਂ ਦਾ ਪਾਸਾਰ ਤੇਜ਼ੀ ਨਾਲ ਹੋ ਰਿਹਾ ਹੈ। ਹੱਕ-ਸੱਚ ਅਤੇ ਨਿਆਂ-ਇਨਸਾਫ਼ ਦੀ ਗੱਲ ਕਰਦੀ ਹਰ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸ਼ਾਇਦ ਇਸੇ ਲਈ ਆਜ਼ਾਦੀ ਦੇ ਤਰਾਨੇ ਪਹਿਲਾਂ ਵੀ ਗਾਏ ਜਾਂਦੇ ਸਨ, ਅੱਜ ਵੀ ਗਾਏ ਜਾਂਦੇ ਹਨ ਪਰ ਇਨ੍ਹਾਂ ਵਿਚਲਾ ਜੋਸ਼ ਹੁਣ ਕੁਝ ਮੱਠਾ ਪੈ ਗਿਆ ਹੈ। ਆਮ ਲੋਕਾਂ ਵਿਚ ਆਜ਼ਾਦੀ ਪ੍ਰਤੀ ਉਤਸ਼ਾਹ ਵਧਣ ਦੀ ਬਜਾਏ ਘਟਣ ਲੱਗਿਆ ਹੈ।

ਦੇਸ਼ ਦੇ ਆਮ ਲੋਕਾਂ ਨੂੰ ਹੁਣ ਫੋਕੇ ਲਾਰਿਆਂ, ਵਾਅਦਿਆਂ, ਭਰੋਸਿਆਂ ਅਤੇ ਦਿਲਾਸਿਆਂ ਦੀ ਲੋੜ ਨਹੀਂ। ਅੱਜ ਸਮੇਂ ਦੀ ਇਹ ਮੰਗ ਹੈ ਕਿ ਵੋਟਾਂ ਵੇਲੇ ਜੋ ਹੱਥ ਲੋਕਾਂ ਅੱਗੇ ਜੁੜਦੇ ਹਨ, ਰਾਜਗੱਦੀ 'ਤੇ ਬਹਿ ਕੇ ਉਹ ਲੋਕਾਂ ਲਈ ਮੁੱਕੇ ਨਾ ਬਣਨ। ਆਮ ਲੋਕਾਂ ਦੇ ਦੁੱਖਾਂ-ਦਰਦਾਂ ਨੂੰ ਸਮਝਣ ਲਈ ਵੱਡੇ ਉਪਰਾਲੇ ਕੀਤੇ ਜਾਣ। ਫ਼ਿਰਕਾਪ੍ਰਸਤ ਤਾਕਤਾਂ ਨੂੰ ਪਛਾੜ ਕੇ ਦੇਸ਼ ਹਿਤਾਂ ਲਈ ਕੰਮ ਕੀਤੇ ਜਾਣ। ਪੂਰੇ ਦੇਸ਼ ਦੇ ਕਿਸਾਨਾਂ ਮਜ਼ਦੂਰਾਂ ਦੀ ਬਾਂਹ ਫੜੀ ਜਾਵੇ। ਹਰ ਵਰਗ ਦੇ ਬੱਚਿਆਂ ਦੀ ਪੜ੍ਹਾਈ ਇਕਸਾਰ ਹੋਵੇ। ਨੌਜੁਆਨਾਂ ਲਈ ਵੱਧ ਤੋਂ ਵੱਧ ਰੁਜ਼ਗਾਰ ਦੇ ਵਸੀਲੇ ਪੈਦਾ ਕੀਤੇ ਜਾਣ। ਆਮ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਸਰਕਾਰਾਂ ਆਪਣੇ ਫ਼ਰਜ਼ ਸਮਝਣ। ਦੇਸ਼ ਦੇ ਕਰੋੜਾਂ ਨਾਗਰਿਕ ਜੋ ਆਜ਼ਾਦੀ ਦੇ ਹੱਕਾਂ ਤੋਂ ਵਿਰਵੇ ਹਨ, ਦੀ ਹਾਲਤ ਬਿਹਤਰ ਬਣਾਉਣ ਲਈ ਵੱਡੇ ਪ੍ਰੋਗਰਾਮ ਉਲੀਕੇ ਜਾਣ। ਆਮ ਲੋਕਾਂ ਲਈ ਵੋਟਾਂ ਦੌਰਾਨ ਵਕਤੀ ਜਿਹੇ ਫ਼ੈਸਲੇ ਨਾ ਲਏ ਜਾਣ ਬਲਕਿ ਲੋਕਾਂ ਦੀ ਬਿਹਤਰੀ ਲਈ ਵੱਡੇ ਪ੍ਰੋਗਰਾਮ ਬਣਾ ਕੇ ਉਨ੍ਹਾਂ 'ਤੇ ਕੰਮ ਹੋਵੇ।

# ''ਸ਼ਾਹ ਹੁਸੈਨ ਦੀ ਵਿਚਾਰਧਾਰਾ''

**'ਹਸਨਾਤੁਲ ਆਰਿਫ਼ੀਨ' ਕ੍ਰਿਤ ਦਾਰਾ ਸ਼ਿਕੋਹ ਅਨੁਸਾਰ ''ਸ਼ਾਹ ਹੁਸੈਨ ਜੀ ਨੇ ਮਲ੍ਹਾਮਤੀਆਂ ਨੂੰ ਖੂਬ ਰੰਗ ਲਾਇਆ। ਉਨ੍ਹਾਂ ਦਾ ਤੌਰ-ਤਰੀਕਾ ਬੜਾ ਅਸਚਰਜ ਜਿਹਾ ਸੀ। ਉਹ ਸਵੇਰ ਤੋਂ ਸ਼ਾਮ ਤੱਕ ਮੂੰਹ ਸਿਰ ਮੁੰਨਾ ਕੇ, ਲਾਲ ਸੂਹੇ ਕੱਪੜੇ ਪਾ ਕੇ, ਗਾਉਣ ਵਜਾਉਣ ਵਾਲਿਆਂ ਦੀ ਟੋਲੀ ਬਣਾ ਕੇ ਸਾਰੇ ਲਾਹੌਰ ਵਿਚ ਘੁੰਮਦੇ ਤੇ ਝੂੰਮਦੇ ਰਹਿੰਦੇ। ਉਹ ਇਕ ਬੜੀ ਸੁਤੰਤਰ ਤਬ੍ਹਾ ਵਾਲੇ ਬੇਵ੍ਹਾਹ ਜੀਉੜੇ ਸਨ। ਉਨ੍ਹਾਂ ਦੀਆਂ ਆਪਣੇ ਇਕ ਹਿੰਦੂ ਮੁਰੀਦ ਮਾਧੋ ਲਾਲ ਨੂੰ ਵਿਖਾਈਆਂ ਕਰਾਮਾਤਾਂ ਦਾ ਅੰਤ ਨਹੀਂ ਸੀ।**



ਮਸਤ ਅਲਮਸਤ ਲਟਬੌਰੇ ਸ਼ਾਇਰਾਂ ਦੇ ਆਵੇਸ਼ਮਈ ਬੋਲਾਂ ਵਿਚੋਂ ਕਿਸੇ ਦਿਸ਼ਾ ਤੇ ਦਸ਼ਾ ਵਿਸ਼ੇਸ਼ ਵਾਲੀ ਵਿਚਾਰਧਾਰਾ ਭਾਲਣ ਦੀ ਪ੍ਰਕਿਰਿਆ ਕਈ ਵਾਰੀ ਭਾਲਣ ਵਾਲੇ ਲਈ ਨਿਰਾਸ਼ਾਜਨਕ ਤੇ ਆਵੇਸ਼ਮਈ ਬੋਲਾਂ ਵਾਲੇ ਲਈ ਨਿਰਉਤਸ਼ਾਹਿਤ ਸਾਬਤ ਹੁੰਦੀ ਹੈ, ਕਿਉਂਕਿ ਸ਼ਾਇਰ ਅਕਸਰ ਸਵੈਵਿਰੋਧੀ ਮੰਨੇ ਜਾਂਦੇ ਹਨ। ਇਹ ਉਨ੍ਹਾਂ ਦਾ ਗੁਣ ਵੀ ਹੋ ਸਕਦਾ ਹੈ ਤੇ ਔਗੁਣ ਵੀ। ਵਾਲਟਵਿਟਮੈਨ ਨੂੰ ਜਦੋਂ ਉਨ੍ਹਾਂ ਦੇ ਆਲੋਚਕਾਂ ਨੇ ਉਸ ਦੇ ਸਵੈਵਿਰੋਧ ਤੋਂ ਸੁਚੇਤ ਕਰਵਾਇਆ ਤਾਂ ਉਸ ਦਾ ਉੱਤਰ ਕੋਈ ਖਿਮਾਂ-ਯਾਚਨਾ ਨਹੀਂ ਸੀ, ਸਗੋਂ ਮਾਣ ਭਰਿਆ ਇਕਬਾਲ ਸੀ –

**''ਮੈਂ ਸਵੈਵਿਰੋਧ ਕਰਦਾ ਹਾਂ।**
**ਚਲੋ ਇਵੇਂ ਹੀ ਸਹੀ,**
**ਮੈਂ ਸਵੈਵਿਰੋਧ ਕਰਦਾ ਹਾਂ।''**

ਪ੍ਰੋ. ਪੂਰਨ ਸਿੰਘ ਵੀ ਆਪਣੇ ਇਕ ਨਿਬੰਧ 'ਕਵੀ ਦਾ ਦਿਲ' ਵਿਚ ਸਮੁੱਚੀ ਕਵੀ ਸ਼੍ਰੇਣੀ ਨੂੰ ਪ੍ਰਤੱਖ ਤੌਰ ਤੇ ਆਪਣੇ ਆਪ ਨੂੰ ਅਪ੍ਰਤੱਖ ਤੌਰ ਤੇ ਸਵੈ-ਵਿਰੋਧ ਦਾ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰਦਿਆਂ ਲਿਖਦਾ ਹੈ –

**''ਕਵੀ ਅੱਜ ਕੁਝ ਕਹਿੰਦਾ ਹੈ, ਕਲ੍ਹ ਕੁਝ ਹੋਰ। ਕਹਿਣ ਦਿਓ ਸੂ, ਕਵੀ ਜੁ ਹੋਇਆ।''**

ਇਸ ਤੱਥ ਤੋਂ ਗਿਆਤ ਹੁੰਦੇ ਹੋਏ ਵੀ, ਆਲੋਚਕ ਜਨ, ਕਵੀ ਵਿਸ਼ੇਸ਼ ਦੀ ਕਵਿਤਾ ਵਿਚੋਂ, ਉਸ ਦੀ ਵਿਚਾਰਧਾਰਾ ਦਾ ਅਵਲੋਕਨ ਕਰਨ ਦਾ ਪ੍ਰਯਾਸ ਕਰਦੇ ਹਨ। ਵਿਚਾਰਧਾਰਾ ਦੀ ਨਿਸ਼ਚਿਤ ਪ੍ਰਾਪਤੀ ਹੋਵੇ ਨਾ ਹੋਵੇ ਪ੍ਰੰਤੂ ਕਵਿਤਾ ਦੀਆਂ ਕੁਝ ਵਿਸ਼ੇਸ਼ਤਾਈਆਂ ਤੇ ਗਹਿਰਾਈਆਂ ਜ਼ਰੂਰ ਉਜਾਗਰ ਹੋ ਜਾਂਦੀਆਂ ਹਨ।


**ਪ੍ਰਿੰ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ.-1**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ**
**98153-03206**




ਸ਼ਾਹ ਹੁਸੈਨ ਪੰਜਾਬੀ ਸੂਫੀ ਕਾਵਿ ਦੇ ਦੂਜੇ ਦੌਰ ਦਾ ਇਕ ਸੁਪ੍ਰਸਿੱਧ ਕਵੀ ਸੀ, ਪਰ ਉਹ ਇਕ ਬਹੁਤ ਵੱਡਾ ਸਾਧਕ ਵੀ ਸੀ ਜਿਸ ਦੀ ਮਨ ਬਚਨ ਅਤੇ ਕਰਮ ਕਰਕੇ ਸੂਈ ਦੇ ਬਰੀਕ ਨੱਕੇ ਵਿਚੋਂ ਲੰਘਣ ਦੀ ਪ੍ਰਚੰਡ ਇੱਛਾ ਸੀ। ਉਸ ਦਾ ਸਾਰਾ 'ਕਾਫੀ-ਕਾਵਿ' ਆਪਣੇ 'ਮੂਲ' ਨੂੰ ਮੁੜ ਪਾਉਣ ਲਈ ਤੜਪ, ਪ੍ਰਾਪਤੀ, ਬਿਖੜੇ ਰਾਹਾਂ ਦਾ ਸੰਤਾਪ ਰੋਕਾਂ ਟੋਕਾਂ ਦਾ ਭਉ ਅਤੇ ਭਾਉ, ਅਮਲੇ ਨੂੰ ਪਾ ਸਕਣ ਦੇ ਕਾਬਲ, ਨਾਕਾਬਲ ਹੋ ਸਕਣ ਦਾ ਤੌਖਲਾ, ਅਖੀਰ ਆਪਣੀ ਹਉਂ ਨੂੰ ਗੁਆ ਕੇ, ਸੱਭ ਕੁਝ ਉਸੇ ਮੂਲ ਦੀ ਮਿਹਰ ਤੇ ਡਣ ਦੀ ਆਜਿਜ਼ੀ ਤੇ ਜੋਦੜੀ ਹੈ।

ਸ਼ਾਹ ਹੁਸੈਨ ਇਕ ਸੂਫ਼ੀ ਸਾਧਕ ਸੀ। ਇਹੋ ਵਾਕ ਹੀ ਉਸ ਦੀ ਵਿਚਾਰਧਾਰਾ ਦੀ ਆਰੰਭਿਕਾ ਅਤੇ ਅੰਤਿਕਾ ਹੈ। ਪ੍ਰੰਤੂ 'ਸੂਫ਼ੀ' ਹੋਣ ਦਾ ਸੰਕਲਪ ਆਪਣੇ ਆਪ ਵਿਚ ਇਕ ਬਹੁ-ਪੱਖੀ, ਬਹੁ-ਪਰਤੀ, ਅਸਪਸ਼ਟ ਅਤੇ ਸਵੈ-ਵਿਰੋਧੀ ਵੀ ਹੈ। ਇਕ ਸੂਫ਼ੀ ਦੂਸਰੇ ਨਾਲੋਂ, ਕਈਆਂ ਗੱਲਾਂ ਵਿਚ ਵੱਖਰਾ ਹੀ ਨਹੀਂ ਸਗੋਂ ਵਿਪਰੀਤ ਵੀ ਹੁੰਦਾ ਹੈ। ਸ਼ੇਖ ਫਰੀਦ ਵੀ ਸੂਫੀ, ਸ਼ਾਹ ਹੁਸੈਨ ਵੀ ਤੇ ਬੁਲ੍ਹੇ ਸ਼ਾਹ ਵੀ। ਪਰੰਤੂ ਇਨ੍ਹਾਂ ਤਿੰਨਾਂ ਦੇ ਹੀ ਵਿਚਾਰਾਂ ਵਿਚ ਭਿੰਨਤਾ ਹੈ –

**ਫਰੀਦਾ ਬੇਨਿਵਾਜਾ ਕੁਤਿਆ ਇਹੁ ਨ ਭਲੀ ਰੀਤਿ॥**
**ਕਬਹੁ ਚਲਿ ਨ ਆਇਆ ਪੰਜੇ ਵਖਤ ਮਸੀਤ॥**

**(ਸ਼ੇਖ ਫਰੀਦ)**

**ਸਾਂਈਂ ਜਿੰਨਾਦੜੇ ਵੱਲ ਤਿੰਨ੍ਹਾ ਨੂੰ ਗ਼ਮ ਕੈਂਦਾ ਵੇ ਲੋਕਾ।**

**(ਸ਼ਾਹ ਹੁਸੈਨ)**

**ਭੱਠ ਨਿਮਾਜਾਂ ਚਿਕੜ ਰੋਜ਼ੇ, ਕਲਮੇਂ ਤੇ ਫਿਰ ਗਈ ਸਿਆਹੀ।**

**(ਬੁਲ੍ਹੇ ਸ਼ਾਹ)**

ਇਸ ਲਈ ਸ਼ਾਹ ਹੁਸੈਨ ਦੀ ਵਿਚਾਰਧਾਰਾ ਨੂੰ ਕੇਵਲ ਸੂਫ਼ੀ ਵਿਚਾਰਧਾਰਾ ਕਹਿ ਕੇ ਸੁਰਖਰੂ ਨਹੀਂ ਹੋਇਆ ਜਾ ਸਕਦਾ। ਅਸਲੀਅਤ ਇਹ ਹੈ ਕਿ ਸਮੁੱਚੇ ਇਸਲਾਮ ਵਾਂਗ, ਸੂਫੀਆਂ ਦੇ ਵੀ ਕਈ ਫਿਰਕੇ ਹਨ ਜੋ ਇਨ੍ਹਾਂ ਦੇ ਆਪਸੀ ਵਿਚਾਰਾਂ ਦੀ ਵੱਖਰਤਾ ਭਿੰਨਤਾ ਅਤੇ ਵਿਰੋਧਾਭਾਸ ਦਾ ਆਧਾਰ ਬਿੰਦੂ ਹਨ।

ਫਿਰਕਿਆਂ ਦੀ ਵੰਡ ਅਨੁਸਾਰ, ਸ਼ਾਹ ਹੁਸੈਨ 'ਮਲ੍ਹਾਮਤੀਆਂ' ਫਿਰਕੇ ਵਿਚ ਆਉਂਦਾ ਹੈ। ਲੋਕ-ਲਾਜ ਅਤੇ ਸੁਚੱਜੀ ਸ਼ੁਹਰਤ ਤੋਂ ਬੇਪ੍ਰਵਾਹੀ ਇਸ ਫਿਰਕੇ ਦੀ ਖਾਸੀਅਤ ਹੈ। ਲੋਕਾਂ ਦੀਆਂ ਨਜ਼ਰਾਂ ਵਿਚ ਡਿੱਗਣਾ ਅਤੇ ਜ਼ਲੀਲ ਹੋਣਾ

ਇਨ੍ਹਾਂ ਨੂੰ ਆਪਣੇ ਹੱਕ ਵਿਚ ਸੁਕਾਰਜ ਹੋਣਾ ਲੱਗਦਾ ਹੈ। ਆਪਣੀ ਸ਼ੁਹਰਤ ਵਿਗਾੜਨੀ ਵੀ ਇਨ੍ਹਾਂ ਦੀ ਤੱਪ ਸਾਧਨਾ ਵਿਚ ਸ਼ਾਮਲ ਹੈ।

**'ਹਸਨਾਤੁਲ ਆਰਿਫ਼ੀਨ' ਕ੍ਰਿਤ ਦਾਰਾ ਸ਼ਿਕੋਹ** ਅਨੁਸਾਰ "ਸ਼ਾਹ ਹੁਸੈਨ ਜੀ ਨੇ ਮਲ੍ਹਾਮਤੀਆਂ ਨੂੰ ਖ਼ੂਬ ਰੰਗ ਲਾਇਆ। ਉਨ੍ਹਾਂ ਦਾ ਤੌਰ-ਤਰੀਕਾ ਬੜਾ ਅਸਚਰਜ ਜਿਹਾ ਸੀ। ਉਹ ਸਵੇਰ ਤੋਂ ਸ਼ਾਮ ਤੱਕ ਮੂੰਹ ਸਿਰ ਮੁੰਨਾ ਕੇ, ਲਾਲ ਸੂਹੇ ਕੱਪੜੇ ਪਾ ਕੇ, ਗਾਉਣ ਵਜਾਉਣ ਵਾਲਿਆਂ ਦੀ ਟੋਲੀ ਬਣਾ ਕੇ ਸਾਰੇ ਲਾਹੌਰ ਵਿਚ ਘੁੰਮਦੇ ਤੇ ਝੂੰਮਦੇ ਰਹਿੰਦੇ। ਉਹ ਇਕ ਬੜੀ ਸੁਤੰਤਰ ਤਬ੍ਹਾ ਵਾਲੇ ਬੇਵਾਹ ਜੀਉੜੇ ਸਨ। ਉਨ੍ਹਾਂ ਦੀਆਂ ਆਪਣੇ ਇਕ ਹਿੰਦੂ ਮੁਰੀਦ ਮਾਧੋ ਲਾਲ ਨੂੰ ਵਿਖਾਈਆਂ ਕਰਾਮਾਤਾਂ ਦਾ ਅੰਤ ਨਹੀਂ ਸੀ। ਉਨ੍ਹਾਂ ਨੂੰ ਸਾਰਾ 'ਕੁਰਾਨ ਸ਼ਰੀਫ਼' ਜ਼ੁਬਾਨੀ ਯਾਦ ਸੀ, ਜਿਸ ਦਾ ਪਾਠ ਅਤੇ ਤਲਾਵਤ ਬੜੇ ਨਿਆਰੇ ਅੰਦਾਜ਼ ਨਾਲ ਇਕੋ ਦਿਨ ਵਿਚ ਕਰ ਲਿਆ ਕਰਦੇ ਸਨ। ਜਦੋਂ ਕੋਈ ਉਨ੍ਹਾਂ ਕੋਲ ਮੁਰੀਦੀ ਧਾਰਨ ਕਰਨ ਲਈ ਜਾਂਦਾ। ਉਹ ਉਸਨੂੰ ਪਹਿਲਾਂ ਮੂੰਹ ਸਿਰ ਮੁਨਾਉਣ ਲਈ ਹਦਾਇਤ ਕਰਦੇ ਤੇ ਫਿਰ ਉਸਦੇ ਹੱਥ ਵਿਚ ਇਕ ਠੂਠਾ ਫੜਾ ਦਿੰਦੇ ਮੰਗਣ ਲਈ। ਜਿਹੜਾ ਇਹ ਸ਼ਰਤਾਂ ਮੰਨ ਲੈਂਦਾ ਉਹ ਪ੍ਰਵਾਨ ਚੜ੍ਹ ਜਾਂਦਾ ਤੇ ਜਿਹੜਾ ਸੋਚੀਂ ਪੈ ਜਾਂਦਾ ਜਾਂ ਝਿਜਕਦਾ, ਉਸਨੂੰ ਉਸੇ ਵੇਲੇ ਖਾਰਜ ਕਰ ਦਿੱਤਾ ਜਾਂਦਾ।"

ਸੋ ਇਹ ਨਜਿਠ ਲੈਣ ਉਪਰੰਤ ਕਿ ਸ਼ਾਹ ਹੁਸੈਨ ਮਲ੍ਹਾਮਤੀ ਸੂਫੀ ਸਨ, ਸਾਡਾ ਮੰਤਵ ਉਨ੍ਹਾਂ ਨੂੰ ਕੇਵਲ ਇਕ ਸੰਕੀਰਨ ਚੌਖਟੇ ਵਿਚ ਫਿੱਟ ਕਰਨਾ ਨਹੀਂ ਸਗੋਂ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਸਮੁੱਚੇ ਪੱਖਾਂ ਨੂੰ ਸੂਫੀਆਨ ਸੰਦਰਭਾਂ, ਧਾਰਮਿਕਤਾ ਅਦਵੈਦਿਤਾ ਤੌਹੀਦਪ੍ਰਸਤੀ ਭਾਰਤੀ ਸੰਸਕ੍ਰਿਤੀ ਅਤੇ ਗੁਰਮਤਿ ਦੇ ਪ੍ਰਸੰਗ ਵਿਚ ਵੀ ਵੇਖਣਾ ਹੈ ਤਾਂਕਿ ਵਿਸਤਾਰਪੂਰਵਕ ਨਿਮਨ ਲਿਖਤ ਅਨੁਸਾਰ ਵਿਸ਼ਲੇਸ਼ਣ ਹੋ ਸਕੇ।

**ਰੱਬ** - ਸ਼ਾਹ ਹੁਸੈਨ ਰੱਬ ਦੀ ਹੋਂਦ ਅਤੇ ਭਗਤੀ ਨੂੰ ਸਰਵਉੱਚ ਮੰਨਦਾ ਹੈ। ਇਸ ਤਰ੍ਹਾਂ ਉਹ ਭਾਰਤੀ ਅਦਵੈਤਵਾਦੀ ਪਿਛੋਕੜ ਕਾਰਨ ਈਰਾਨੀ ਸੂਫ਼ੀਆਂ ਨਾਲੋਂ ਭਾਰਤੀ ਸੂਫ਼ੀਆਂ ਵਾਂਗ ਰੱਬ ਨੂੰ ਸਰਬ ਵਿਆਪਕ ਸਰਬ ਸ਼ਕਤੀਮਾਨ ਅਤੇ ਘਟ ਘਟ ਦੀ ਜਾਨਣ ਵਾਲਾ ਸਵੀਕਾਰ ਕਰਦਾ ਹੋਇਆ ਕਹਿੰਦਾ ਹੈ-

**ਰੱਬਾ ਮੇਰੇ ਹਾਲ ਦਾ ਮਹਿਰਮ ਤੂੰ।**
**ਅੰਦਰ ਤੂੰ ਹੈਂ ਬਾਹਰ ਤੂੰ ਹੈਂ, ਰੋਮ ਰੋਮ ਵਿਚ ਤੂੰ।**
**ਕਹੇ ਹੁਸੈਨ ਫ਼ਕੀਰ ਨਿਮਾਣਾ, ਮੈਂ ਨਾਹੀਂ ਸੱਭ ਤੂੰ।**

**ਸੰਸਾਰ** - ਸ਼ਾਹ ਹੁਸੈਨ ਦੀ ਸੋਚ ਮੁਤਾਬਕ ਸਮਾਜਿਕ ਰਿਸ਼ਤੇਦਾਰੀਆਂ ਅਤੇ ਸਾਂਝਾਂ ਵਕਤੀ ਅਤੇ ਮੌਕਾਪ੍ਰਸਤੀ ਹਨ। ਹਰ ਪਾਸੇ। ਇਸ 'ਜੌਂ ਭੁਨਾਵੇ ਗੌਂਅ' ਦਾ ਬੋਲਬਾਲਾ ਹੈ। ਇਸ ਕੂੜ ਪਸਾਰੇ ਵਿਚ ਮਨੁੱਖ ਦੀ ਹੋਂਦ ਅਸਗਾਹ ਸਾਗਰ ਵਿਚ ਪਾਣੀ ਦੀ ਇਕ ਬੂੰਦ ਜਾਂ ਸ਼ਬਨਮ ਦੇ ਇਕ ਕਤਰੇ (ਮੋਤੀ) ਸਮਾਨ ਹੈ-

1. **ਕੂੜੀ ਦੁਨੀਆਂ ਕੂੜ ਪਸਾਰਾ, ਜਿਉਂ ਮੋਤੀ ਸ਼ਬਨਮ ਦਾ।**
2. **ਦੁਨੀਆਂ ਤਾਲਿਬ ਮਤਲਬ ਦੀ, ਸੱਚ ਸੁਣ ਵੋ ਫ਼ਕੀਰਾ।**

**ਨਾਸ਼ਮਾਨਤਾ** - ਸ਼ਾਹ ਹੁਸੈਨ ਵੀ ਦੁਨੀਆਂ ਦੇ ਬਾਕੀ ਧਰਮ ਵਲੰਭੀਆਂ ਵਾਂਗ ਸੰਸਾਰ ਨੂੰ ਫਾਨੀ ਅਤੇ ਨਾਸ਼ਵੰਤ ਮੰਨਦਾ ਹੈ। ਮਨੁੱਖ ਦਾ ਬਚਪਨ ਜੁਆਨੀ ਗ੍ਰਹਿਸਤ ਬੁਢਾਪਾ ਜੇ ਇਕ ਵਿਕਾਸ ਹੈ ਤਾਂ ਦੂਜੇ ਪਾਸੇ ਵਿਨਾਸ਼ ਵੀ ਹੈ। ਡਾ. ਅਲਾਮਾ ਇਕਬਾਲ ਵਰਗਾ ਚਿੰਤਕ ਸ਼ਾਇਰ ਵੀ ਇਸ ਦੀ ਤਾਈਦ ਕਰਦਾ ਹੋਇਆ ਕਹਿੰਦਾ ਹੈ -

**ਨਾ ਥਾ ਕੁਛ ਤੋ ਖੁਦਾ ਥਾ, ਕੁਛ ਨਾ ਹੋਤਾ ਤੋ ਖੁਦਾ ਹੋਤਾ।**
**ਡੁਬੋਯਾ ਮੁਝ ਕੋ ਹੋਨੇ ਨੇ, ਮੈਂ ਨਾ ਹੋਤਾ ਤੋ ਕਿਆ ਹੋਤਾ।**

**ਸਮਾਜਿਕ ਚੇਤਨਤਾ** - ਸ਼ਾਹ ਹੁਸੈਨ ਦੀ ਚੇਤਨਤਾ ਉਚ-ਨੀਚ, ਗਰੀਬ-ਅਮੀਰ ਭਾਵ ਜਾਤ-ਪਾਤੀ ਅਤੇ ਆਰਥਿਕ ਆਧਾਰਿਤ ਹੈ ਜਿਸ ਦਾ ਹਰ ਥਾਂ ਝਗੜਾ ਅਤੇ ਸ਼ੋਰ ਹੈ। ਉਹ ਖਬਰਦਾਰ ਕਰਦਾ ਹੋਇਆ ਕਹਿੰਦਾ ਹੈ -

**ਮਾਏ ਨੀ ਮੈਂ ਭਈ ਦੀਵਾਨੀ ਦੇਖ ਜਗਤ ਵਿਚ ਸ਼ੋਰ।**
**ਇਕਨਾ ਹਾਥੀ ਇਕਨਾ ਘੋੜੇ, ਇਕ ਸਿਵੇ ਇਕ ਗੋਰ।**
**ਨੰਗੇ ਪੈਰੀਂ ਜਾਂਦੜੇ ਡਿਠੇ, ਜਿੰਨ ਨੇ ਲਾਖ ਕਰੋਰ।**

**ਇਸ਼ਕ** - ਰੱਬ ਸ਼ਾਹ ਹੁਸੈਨ ਦਾ ਇਕ ਅਜਿਹਾ ਖ਼ੂਬਸੂਰਤ ਅਤੇ ਗੁਣਵੰਤਾ ਮਹਿਬੂਬ ਹੈ, ਜਿਸ ਨੂੰ ਉਹ ਇਸ਼ਕ ਦੇ ਮਾਧਿਅਮ ਰਾਹੀਂ ਪਾਉਣਾ ਚਾਹੁੰਦਾ ਹੈ ਪਰੰਤੂ ਇਸ ਨੂੰ ਅਜ਼ਲੀ ਵਸਤੂ ਮੰਨਦਾ ਹੋਇਆ ਇਸ ਦੀ ਪ੍ਰਾਪਤੀ ਦੇ ਰਾਹ ਵਿਚ ਆਉਣ ਵਾਲੀਆਂ ਔਕੜਾਂ ਦਾ ਜ਼ਿਕਰ ਵੀ ਕਰਦਾ ਹੈ-

**ਸ਼ਹ ਗੁਣਵੰਤਾ ਬਿਆ ਰੂਪ ਚੰਗੇਰਾ, ਅੰਗ ਲਾਵੇ ਕਿ ਮੂਲ ਨਾ ਕਾਸੀ।**

* *

**ਆਸ਼ਕ ਹੋਵੇਂ ਤਾਂ ਇਸ਼ਕ ਕਮਾਵੇਂ।**
**ਰਾਹ ਇਸ਼ਕ ਦਾ ਸੂਈ ਦਾ ਨੱਕਾ, ਧਾਗਾ ਹੋਏਂ ਤਾਂ ਜਾਵੇਂ।**

* *

**ਤੀਰਾਂ ਤੇ ਤਲਵਾਰਾਂ ਕੋਲੋਂ, ਤਿੱਖੀਆਂ ਬ੍ਰਿਹੋਂ ਦੀਆਂ ਛੁਰੀਆਂ ਵੇ ਲੋਕਾ।**

**ਭਗਤੀ** - ਭਾਰਤੀ ਪਰੰਪਰਾ ਅਤੇ ਪੁਰਖਿਆਂ ਦੇ ਵਿਰਸਈ ਪ੍ਰਭਾਵ ਕਰਕੇ ਭਗਤੀ ਮਾਰਗ ਦੀ ਵੀ ਪੂਰੀ-ਪੂਰੀ ਵਕਾਲਤ ਕਰਦਾ ਹੈ। ਕਾਂਤਾ-ਭਗਤੀ ਦਾਸ ਭਗਤੀ ਅਤੇ ਸਖਾ ਭਗਤੀ ਦੀ ਗੱਲ ਕਰਦਾ ਹੋਇਆ ਕਹਿੰਦਾ ਹੈ -

**ਗਮ ਨਾਮ ਦੇ ਸਿਮਰਨ ਬਾਝੋਂ, ਜੀਵਨ ਦਾ ਕੀ ਹੱਜ ਵੇ ਅੜਿਆ।**
**ਕਹੇ ਹੁਸੈਨ ਫਕੀਰ ਸਾਈ ਦਾ, ਸਾਹਿਬ ਦੇ ਲੜ ਲੱਗ ਵੇ ਅੜਿਆ।**

**ਮਸਤੀ** - ਸ਼ਾਹ ਹੁਸੈਨ ਸੰਸਾਰ ਦੇ ਫਾਨੀ ਹੋਣ ਦੀ ਅਸਲੀਅਤ ਤੋਂ ਕਿਨਾਰਾਕਸ਼ੀ ਅਤੇ ਮਨ ਦੀ ਉਦਾਸੀ ਤੇ ਇਸ ਦੇ ਸਖਣੇਪਨ ਨੂੰ ਭਰਨ ਲਈ ਮਲ੍ਹਾਮਤੀਆ ਪਰੰਪਰਾ ਅਨੁਸਾਰ ਸਿਮਰਨ ਕਰਨ ਤੋਂ ਇਲਾਵਾ ਭੰਗ ਅਫ਼ੀਮ ਧਤੂਰਾ ਅਤੇ ਪੋਸਤ ਵਰਗੀਆਂ ਵਕਤੀ ਮਸਤੀ ਦੇਣ ਵਾਲੀਆਂ ਵਸਤਾਂ ਰੱਬ ਕੋਲੋਂ ਨਿਸ਼ੰਗ ਹੋ ਕੇ ਮੰਗਦਾ ਹੈ -

**ਜੇਤੀ ਜੇਤੀ ਰਾਮ ਜੀ ਤੇਰੇ ਕੋਲੋਂ ਮੰਗਦੀ।**
**ਕੂੰਡੀ ਦਈਂ ਸੋਟਾ ਦਈ, ਕੋਠੀ ਦਈ ਭੰਗ ਦੀ।**
**ਸਾਫ਼ੀ ਦਈਂ ਮਰਚਾਂ ਦਈਂ, ਬੇਗਿਨਤੀ ਦਈਂ ਰੰਗ ਦੀ।**
**ਪੋਸਤ ਦਈਂ ਬਾਟੀ ਦਈਂ, ਚਾਟੀ ਦਈਂ ਖੰਡ ਦੀ।**
**ਗਿਆਨ ਦਈਂ ਧਿਆਨ ਦਈਂ, ਮਹਿਮਾ ਸਾਧੂ ਸੰਗ ਦੀ।**
**ਸ਼ਾਹ ਹੁਸੈਨ ਫ਼ਕੀਰ ਸਾਈਂ ਦਾ, ਇਹ ਦੁਆ ਮਲੰਗ ਦੀ।**

**ਨਫ਼ਸ** - ਮਨੁੱਖੀ ਮਨ ਅਥਵਾ ਨਫ਼ਸ, ਏਨਾ ਚੰਚਲ ਤੇ ਔਥਰਾ ਹੈ ਕਿ

ਸਮੁੱਚੀ ਮਨੁੱਖੀ ਸੋਚ ਨੂੰ ਹਰ ਦਮ ਆਪਣੇ ਅਧੀਨ ਰੱਖਦਾ ਹੈ। ਕਾਮ ਕ੍ਰੋਧ ਲੋਭ ਮੋਹ ਹੰਕਾਰ ਇਸ ਦੀਆਂ ਪੰਜ ਉਤੇਜਿਤ ਸੰਚਾਲਕ ਸ਼ਕਤੀਆਂ ਹਨ। ਸ਼ਾਹ ਹੁਸੈਨ ਦਾ ਮੱਤ ਹੈ ਕਿ ਇਨ੍ਹਾਂ ਪੰਜਾਂ ਨੂੰ ਵੱਸ ਲੈਣ ਉਪਰੰਤ ਇਨ੍ਹਾਂ ਦਾ ਖਾਦਮ ਨਫ਼ਸ ਖੁਦ-ਬ-ਖੁਦ ਆਜ਼ਾਦ ਹੋ ਜਾਂਦਾ ਹੈ –

**ਪੰਜੇ ਸਖ਼ੀਆਂ ਇਕੋ ਜਿਹੀਆਂ, ਹੁਕਮ ਸੰਜੋਗ ਇਕੱਠੀਆਂ ਹੋਈਆਂ।**
**ਜੋ ਪੰਜਾਂ ਨੂੰ ਧਾਗਾ ਪਾਏ, ਸਾ ਸਭਰਾਈ ਕੰਤ ਵਿਹਾਏ।**

**ਅਮਲ** - ਅਮਲਾਂ ਤੇ ਅਮਲ ਕਰਨ ਦੀ ਪ੍ਰਵਿਰਤੀ ਤੇ ਸ਼ਾਹ ਹੁਸੈਨ ਵੀ ਬਹੁਤ ਜ਼ੋਰ ਦਿੰਦਾ ਹੈ, ਮਾੜੇ ਕਰਮਾਂ ਅਤੇ ਮਾੜੀ ਨੀਅਤ ਨੂੰ ਕੂੜ-ਕਬਾੜ ਕਹਿ ਕੇ ਚੰਗੇ ਅਮਲਾਂ ਦੀ ਬਹੁਕਰ ਨਾਲ ਬੁਹਾਰਨ ਦੀ ਸਿੱਖਿਆ ਦਿੰਦਾ ਹੈ –

**ਕਿੱਤ ਗੁਣ ਲਗੇਂਗੀ ਸ਼ਹੁ ਨੂੰ ਪਿਆਰੀ।**
**ਅੰਦਰ ਤੇਰੇ ਕੂੜ ਵਤਿ ਗਇਓ ਈ, ਮੂਲਿ ਨਾ ਦਿਤੀਓ ਬੁਹਾਰੀ।**

* *

**ਅਮਲਾਂ ਉਪਰ ਹੋਗ ਨਬੇੜਾ, ਕਿਆ ਸੂਫ਼ੀ ਕਿਆ ਭੰਗੀ।**

ਉਪਰੋਕਤ ਸਰਵੇਖਣ ਮੁਤਾਬਕ ਕਿਹਾ ਜਾ ਸਕਦਾ ਹੈ ਕਿ ਮਾਧੋ ਲਾਲ ਹੁਸੈਨ ਪੰਜਾਬੀ ਸੂਫ਼ੀ-ਕਾਵਿ ਦੇ ਦੂਜੇ ਦੌਰ ਦਾ ਇਕ ਅਜਿਹਾ ਲਚਕੀਲਾ ਨਖ਼ਰੀਲਾ ਰੋਜੀਦਾ ਸੰਜੀਵਾ ਵਿਅੰਗਾਤਮਕ ਤੇ ਵਿਲੱਖਣ ਮਲ੍ਹਾਮਤੀਆ ਸੂਫ਼ੀ ਕਵੀ ਹੈ ਜਿਹੜਾ ਵਾਰ-ਵਾਰ ਆਪਣੇ ਆਪ ਨੂੰ ਕਦੇ ਫ਼ਕੀਰ ਨਿਮਾਣਾ, ਕਦੇ ਨਿਤਾਣਾ ਅਤੇ ਕਦੇ ਜਾਤ-ਜੁਲਾਹਾ ਕਹਿ ਕੇ ਆਪਣੀ ਨਿਰਮਾਣਤਾ ਦੇ ਅਹਿਸਾਸ ਦਾ ਬਾਰ-ਬਾਰ ਇਜ਼ਹਾਰ ਕਰਦਾ ਹੈ। ਇਸ ਤਰ੍ਹਾਂ 'ਜੀਵ' ਨੂੰ ਓੜਕ ਕੰਮ ਅਲਾਹ ਨਾਲ' ਦੀ ਨਿਰੰਤਰ ਨਸੀਹਤ ਕਰਦਾ ਹੈ ਤੇ ਰੱਬ ਨਾਲ ਗਿਲੇ-ਗੁਜ਼ਾਰਸ਼ਾਂ ਕਰਨ ਤੋਂ ਵੀ ਗੁਰੇਜ਼ ਕਰਨ ਲਈ ਕਹਿੰਦਾ ਹੈ –

**ਚੁਪ ਵੇ ਅੜਿਆ ਚੁਪ ਵੇ ਅੜਿਆ।**
**ਬੋਲਣ ਦੀ ਨਹੀਂ ਜਾਹ ਵੇ ਅੜਿਆ।**

ਸੰਸਾਰ ਨਾਸ਼ਮਾਨਤਾ, ਸਮਾਜਿਕ ਚੇਤੰਨਤਾ, ਮੁਰਸ਼ਦ, ਸ਼ੈਤਾਨ, ਚੰਗੇ ਅਮਲ, ਭਗਤੀ, ਮਸਤੀ ਆਦਿ ਜਟਿਲ-ਵਿਸ਼ਿਆਂ ਨੂੰ ਇਤਨੀ ਸਰਲ ਸਪੱਸ਼ਟ ਭਾਸ਼ਾ ਅਤੇ ਖ਼ੂਬਸੂਰਤ ਸ਼ੈਲੀ-ਸ਼ਬਦਾਵਲੀ ਵਿਚ ਪੇਸ਼ ਕੀਤਾ ਹੈ ਕਿ ਕਿਸੇ ਵੀ ਬੌਧਿਕ ਪੱਧਰ ਦਾ ਪਾਠਕ ਜਾਂ ਸਰੋਤਾ ਬੜੀ ਆਸਾਨੀ ਨਾਲ ਸਮਝ ਅਤੇ ਹਿਫ਼ਜ਼ ਕਰ ਸਕਦਾ ਹੈ।

## ਤਰੀਕਤ-ਹਕੀਕਤ

ਤਾਲਿਬ ਇਲਮੀਂ 'ਚ ਕਮਾਏ, ਅੰਬਰੀ ਸਹਿਚਾਰ ਹੁੰਦੇ ਨੇ।
ਇਹ ਬੇਗਰਜ਼ ਦੁਵੱਲੀ ਸੁਵੱਲੀ ਨਜ਼ਰੇ ਦਰਕਾਰ ਹੁੰਦੇ ਨੇ।
ਅਸੀਂ ਪਾਰਦਰਸ਼ੀ ਹੋ, ਇਨ੍ਹਾਂ ਨੂੰ ਜਾਚਦੇ ਨਹੀਂ,
ਇਹ ਔੜ ਸੌੜ ਵਿਚ ਵੀ, ਗੁਆਚਦੇ ਨਹੀਂ।
ਮਾਸੂਮੀਅਤ ਕਰਕੇ, ਏਨੇ ਬਲਵਾਨ ਹੁੰਦੇ ਨੇ,
ਇਹ ਕਬਜ਼ੇ ਨਹੀਂ, ਦਿਲਾਂ ਦੀ ਪਹਿਚਾਨ ਹੁੰਦੇ ਨੇ।
ਸਾਡੀ ਜਿੰਦ ਹੁੰਦੇ ਨੇ, ਇਹ ਸਾਡੀ ਜਾਨ ਹੁੰਦੇ ਨੇ,
ਇਹ ਉੱਤਮ-ਜਾਤ ਬ੍ਰਿਹਾਂ ਦੇ ਸੁਲਤਾਨ ਹੁੰਦੇ ਨੇ।
ਤਕਦੀਰ ਤੇ ਤਦਬੀਰ ਦਾ, ਤੱਤਸਾਰ ਹੁੰਦੇ ਨੇ,
'ਇਹ ਪੀਰ ਮੁਰੀਦਾਂ ਪਿਰਹੜੀ' ਦਾ ਪਾਸਾਰ ਹੁੰਦੇ ਨੇ।
ਅੰਗ ਸੰਗ ਰਹਿ ਕੇ ਵੀ, ਨਾ ਜ਼ਾਹਰ ਹੁੰਦੇ ਨੇ,
ਪਰ ਅੱਖੋਂ ਪਰੋਖੇ ਹੋਏ, ਨਾ ਸਹਾਰ ਹੁੰਦੇ ਨੇ।
ਜਦੋਂ ਸਮਾਜੀ ਜੰਗਾਲੀ ਖੁੰਡੀ ਛੁਰੀ ਨਾਲ ਹਲਾਲ ਹੁੰਦੇ ਨੇ,
ਇਹ ਬਾਕਮਾਲ ਹੁੰਦੇ ਨੇ, ਲਾਮਿਸਾਲ ਹੁੰਦੇ ਨੇ।
ਮਕਤਲ-ਮੰਚ ਤੇ ਚੜ੍ਹ ਕੇ ਵੀ, ਕੁਝ ਮਨਜ਼ੂਰ ਹੁੰਦੇ ਨੇ,
ਜੋ ਸੂਲੀ ਚੜ੍ਹ ਜਾਂਦੇ ਨੇ, ਉਹ ਮਨਸੂਰ ਹੁੰਦੇ ਨੇ।
ਨਾ ਖੁਦਮੁਖਤਿਆਰ ਹੁੰਦੇ ਨੇ, ਨਾ ਬਾਇਖਤਿਆਰ ਹੁੰਦੇ ਨੇ,
ਇਹ ਰੱਬੀ ਰਹਿਮਤਾਂ ਦੇ, ਰਮਤੇ ਮਜ਼ਾਰ ਹੁੰਦੇ ਨੇ।
ਗ਼ਮਾਂ ਨੂੰ ਕਫ਼ਸ ਕਰਨ ਦੇ ਵਸਫ਼, ਹਜ਼ਾਰ ਹੁੰਦੇ ਨੇ।
ਇਹ ਤਰੀਕਤ ਦੇ ਨਹੀਂ, ਹਕੀਕਤ ਦੇ ਤਲਬਗਾਰ ਹੁੰਦੇ ਨੇ।

**ਪ੍ਰਿੰ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ.-1**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ**
98153-03206

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**
**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਸਮਾਜ ਸੇਵਾ ਪ੍ਰਤੀ ਸਮਰਪਿਤ ਜੀਵਨ

# ਸਵ. ਸ. ਅਵਤਾਰ ਸਿੰਘ ਜਾਇੰਟ ਡਾਇਰੈਕਟਰ (ਰਿਟਾ.)



ਸਰਦਾਰ ਅਵਤਾਰ ਸਿੰਘ ਲੁਬਾਣਾ ਅੱਜ ਤੋਂ ਲੱਗਭਗ 65 ਸਾਲ ਪਹਿਲਾਂ 1951 ਵਚਿ ਮੈਨੂੰ ਪਹਿਲੀ ਵਾਰ ਰੰਧੀਰ ਗੌਰਮਿੰਟ ਕਾਲਜ, ਕਪੂਰਥਲਾ ਦੇ ਹੋਸਟਲ ਵਿਚ ਮਿਲੇ ਜਿਥੇ ਉਹ ਦੋਵੇਂ ਭਾਈ ਬੋਰਡਰ ਸਨ ਅਤੇ ਦੋਵੇਂ ਉਸ ਕਾਲਜ ਵਿਖੇ ਡਿਗਰੀ ਕਲਾਸਾਂ ਦੇ ਵਿਦਿਆਰਥੀ ਸਨ। ਮੈਂ ਉਦੋਂ ਉਸ ਕਾਲਜ ਵਿਚ ਤਬਾਦਲੇ ਤੋਂ ਬਾਅਦ ਜਾਇਨ ਕੀਤਾ ਸੀ। ਇਸ ਪ੍ਰਕਾਰ ਦਾਸ ਨੇ ਲੁਬਾਣਾ ਜੀ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਜੀਵਨ ਵਿਚ ਵਿਚਰਦੇ, ਵਿਕਸਤ ਹੁੰਦੇ ਅਤੇ ਪ੍ਰਵਾਨ ਚੜ੍ਹਦੇ ਵੇਖਿਆ ਹੈ। ਉਹ ਇਕ ਗੁਰਮੁਖ, ਨੇਕਦਿਲ ਅਤੇ ਸੁਲਹਕੁਲ ਸਖ਼ਸ਼ੀਅਤ ਦੇ ਮਾਲਕ ਸਨ। ਸਮਾਜ ਸੇਵਾ ਉਨ੍ਹਾਂ ਦੀ ਜ਼ਿੰਦਗੀ ਦਾ ਸੇਵਾ ਸੀ। ਉਨ੍ਹਾਂ ਆਪਣੀ ਕਾਬਲੀਅਤ, ਮਿਹਨਤ ਅਤੇ ਸੇਵਾ ਭਾਵਨਾ ਸਦਕਾ ਇਕ ਲੰਮਾ, ਸੱਚਾ-ਸੁੱਚਾ ਅਤੇ ਹਰਿ ਲਿਹਾਜ਼ ਨਾਲ ਸਫ਼ਲ ਜੀਵਨ ਬਤੀਤ ਕਰਦਿਆਂ ਇਕ ਉਚ ਪਾਏ ਦੀ ਸਰਕਾਰੀ ਪਦਵੀਂ ਪ੍ਰਾਪਤ ਕੀਤੀ ਅਤੇ ਸਮਾਜ ਸੇਵਾ ਪ੍ਰਤੀ ਸਮਰਪਿਤ ਹੋ ਕੇ ਨਾਮਨਾ ਖੱਟਿਆ। ਮੈਨੂੰ ਤਾਂ ਇੰਜ ਲੱਗਦਾ ਏ ਕਿ ਪ੍ਰਮਾਤਮਾ ਨੇ ਉਨ੍ਹਾਂ ਨੂੰ ਮਨੁੱਖਤਾ ਦੀ ਸੇਵਾ ਕਰਨ ਲਈ ਹੀ ਸੰਸਾਰ ਯਾਤਰਾ ਤੇ ਭੇਜਿਆ ਸੀ ਜੋ ਸੇਵਾ ਉਨ੍ਹਾਂ ਨੇ ਆਖਰੀ ਦਮ ਤੱਕ ਬਾਖ਼ੂਬੀ ਨਿਭਾਈ। ਐਸੇ ਸੇਵਕਾਂ ਬਾਰੇ ਤਾਂ ਗੁਰਬਾਣੀ ਦਾ ਮਹਾਵਾਕ ਹੈ –

**ਸੇਵਕ ਕਉ ਸੇਵਾ ਬਨਿ ਆਈ॥**
**ਹੁਕਮ ਬੂਝ ਪ੍ਰਮ ਪਦ ਪਾਈ॥**

**ਯੋਗ ਸਿਖਿਆ ਅਤੇ ਸਰਵਿਸ ਕੈਰੀਅਰ** - ਸ. ਅਵਤਾਰ ਸਿੰਘ ਦਾ ਜਨਮ ਮਿਤੀ 22 ਨਵੰਬਰ, 1930 ਨੂੰ ਬਾਰ ਦੇ ਚੱਕ ਨੰ. 358 ਤਹਿਸੀਲ ਟੋਬਾ ਟੇਕ ਸਿੰਘ, ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿਖੇ ਇੰਸਪੈਕਟਰ (ਪੁਲਸ) ਸ. ਇੰਦਰ ਸਿੰਘ ਅਤੇ ਸਰਦਾਰਨੀ ਪ੍ਰੀਤਮ ਕੌਰ ਦੇ ਗ੍ਰਹਿ ਵਿਖੇ ਹੋਇਆ। ਬਾਰ ਵਿਚ ਉਨ੍ਹਾਂ ਦੇ ਦਾਦਾ ਜੀ ਨੂੰ ਫੌਜੀ ਬਹਾਦਰੀ ਦੇ ਮੁੱਰਬੇ ਮਿਲੇ ਹੋਏ ਸਨ। ਡਿਸਟ੍ਰਿਕਟ ਬੋਰਡ ਹਾਈ ਸਕੂਲ ਮੂਰਸੀਪੁਰ ਤੋਂ ਪੰਜਾਬ ਯੂਨੀਵਰਸਿਟੀ ਲਾਹੌਰ ਦਾ ਮੈਟਰੀਕੂਲੇਸ਼ਨ ਇਮਤਿਹਾਨ 1947 ਵਿਚ ਪਾਸ ਕੀਤਾ। ਇਸ ਤੋਂ ਬਾਅਦ ਛੇਤੀ ਹੀ ਦੇਸ਼ ਦੀ ਵੰਡ ਹੋ ਗਈ ਅਤੇ ਉਨ੍ਹਾਂ ਦਾ ਪਰਿਵਾਰ ਭਾਰਤ ਆ ਕੇ ਪਿੰਡ ਰਾਏਪੁਰ ਪੀਰਬਖ਼ਸ਼ ਵਾਲਾ ਜ਼ਿਲ੍ਹਾ ਕਪੂਰਥਲਾ ਵਿਖੇ ਮੁੜ ਤੋਂ ਆਬਾਦ ਹੋ ਗਿਆ। ਉਚੇਰੀ ਸਿੱਖਿਆ ਲਈ ਉਨ੍ਹਾਂ ਆਪਣੇ ਛੋਟੇ ਵੀਰ ਗੁਰਮੀਤ ਸਿੰਘ ਸਮੇਤ ਰੰਧੀਰ ਗੌਰਮਿੰਟ ਕਾਲਜ ਕਪੂਰਥਲਾ ਵਿਖੇ 1949 ਵਿਚ ਦਾਖਲਾ ਲੈ ਲਿਆ। ਏਥੋਂ 1953 ਵਿਚ ਬੀ.ਏ. ਦੀ ਡਿਗਰੀ ਪ੍ਰਾਪਤ ਕਰਨ ਉਪਰੰਤ ਉਨ੍ਹਾਂ ਕੁਝ ਸਮੇਂ ਲਈ ਪੰਜਾਬ ਸਰਕਾਰ ਦੇ ਵਿਤ ਵਿਭਾਗ, ਚੰਡੀਗੜ੍ਹ ਵਿਖੇ ਸਰਵਿਸ ਕੀਤੀ। ਪਰ ਉਸ ਅਸਾਮੀ ਤੇ ਬਹੁਤੀ ਦੇਰ ਤੱਕ ਟਿਕੇ ਰਹਿਣ ਲਈ ਦਿਲ ਨਾ ਮੰਨਿਆ। ਸਰਵਿਸ ਛੱਡ ਕੇ ਲਾਅ ਕਾਲਜ, ਜਲੰਧਰ ਵਿਖੇ ਦਾਖਲ ਹੋ ਗਏ ਜਿਥੋਂ 1957 ਵਿਚ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰ ਲਈ। ਆਪਣੇ ਸਿੱਖਿਆ ਸਮੇਂ ਦੌਰਾਨ ਸਿੱਖਿਆ ਦੇ ਖੇਤਰ ਵਿਚ ਹੀ ਸਮਾਜ ਸੇਵਾ ਪ੍ਰਤੀ ਗਤੀਵਿਧੀਆਂ ਲਈ ਸਮਾਂ ਦੇਂਦੇ ਰਹੇ। ਗੁਰੂ ਮਹਾਰਾਜ ਦੀ ਕਿਰਪਾ ਹੋਈ ਤੇ ਜਲਦੀ ਹੀ ਉਨ੍ਹਾਂ ਦੀ ਪੰਜਾਬ ਸਰਕਾਰ ਦੇ ਅਨਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ ਵਿਚ ਡਿਸਟ੍ਰਿਕਟ ਵੈਲਫੇਅਰ ਅਫ਼ਸਰ ਵਜੋਂ ਨਿਯੁਕਤੀ ਹੋ ਗਈ। ਇਹ ਭਲਾਈ ਵਿਭਾਗ ਉਨ੍ਹਾਂ ਦੇ ਸਮਾਜ ਸੇਵਾ ਪ੍ਰਤੀ ਸਮਰਪਿਤ ਸੁਭਾਅ ਦੇ ਅਨੁਕੂਲ ਸੀ ਜੋ ਰੱਬ ਵੱਲੋਂ ਆਪ ਹੀ ਉਨ੍ਹਾਂ ਨੂੰ ਮਿਲ ਗਿਆ। ਇਸ ਵਿਭਾਗ ਵਿਚ ਉਨ੍ਹਾਂ ਨੂੰ ਪੰਜਾਬ ਦੇ ਬਹੁਤ ਸਾਰੇ ਜ਼ਿਲ੍ਹਿਆਂ ਵਿਚ ਸਰਵਿਸ ਕਰਨ ਦਾ ਮੌਕਾ ਮਿਲਿਆ ਅਤੇ ਉਨ੍ਹਾਂ ਨੇ ਦੀਨ ਦੁਖੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਵਿਦਿਅਕ, ਸਮਾਜਿਕ ਅਤੇ ਆਰਥਿਕ ਉੱਨਤੀ ਲਈ ਰਜ ਕੇ ਸੇਵਾ ਕੀਤੀ। ਆਪਣੀ ਮਿਹਨਤ, ਨੇਕ ਨੀਯਤੀ ਅਤੇ ਇਮਾਨਦਾਰੀ ਸਦਕਾ ਉਨ੍ਹਾਂ ਦੀ ਪਦ ਉੱਨਤੀ ਹੁੰਦੀ ਗਈ ਅਤੇ ਅੰਤ ਨੂੰ ਉਹ ਜਾਇੰਟ ਡਾਇਰੈਕਟਰ ਦੀ ਉੱਚੀ ਪਦਵੀ ਪ੍ਰਾਪਤ ਕਰਕੇ ਸੇਵਾ ਮੁਕਤ ਹੋਏ।

**ਬੱਚਿਆਂ ਦਾ ਯੋਗ ਪਾਲਣ ਪੋਸ਼ਣ** - ਸ. ਅਵਤਾਰ ਸਿੰਘ ਆਪਣੇ ਭਲਾਈ ਵਿਭਾਗ ਦੇ ਉਮਰ ਭਰ ਰਿਣੀ ਮਹਿਸੂਸ ਕਰਦੇ ਰਹੇ ਕਿਉਂ ਜੋ ਇਸ ਵਿਭਾਗ ਵਿਚ ਹੀ ਪਟਿਆਲੇ ਆਉਣ ਤੇ ਵਿਭਾਗ ਦੇ ਇਕ ਅਫ਼ਸਰ ਗਿ. ਸੁੰਦਰ ਸਿੰਘ ਜੀ ਦੀ ਬੇਟੀ ਸਰਦਾਰਨੀ ਕੁਲਦੀਪ ਕੌਰ ਉਨ੍ਹਾਂ ਦੀ ਜੀਵਨ ਸਾਥੀ ਬਣ ਗਈ। ਉਨ੍ਹਾਂ ਦੀ ਸ਼ਾਦੀ ਤੇ ਫੁਲਾਂ ਦੇ ਹਾਰਾਂ ਨਾਲ ਮਿਲਣੀ ਕੀਤੀ ਗਈ ਅਤੇ ਕਿਸੇ ਦਾਜ ਦਹੇਜ ਦਾ ਲੈਣ ਦੇਣ ਨਾ ਹੋਇਆ। ਸਰਦਾਰਨੀ ਕੁਲਦੀਪ ਕੌਰ ਬੀ.ਏ., ਬੀ.ਐਡ. ਦੀ ਯੋਗਤਾ ਨਾਲ ਗੌਰਮਿੰਟ ਹਾਈ ਸਕੂਲ ਵਿਚ ਅਧਿਆਪਕਾ ਸਨ। ਸਰਵਿਸ ਪੂਰੀ ਹੋਣ ਤੇ ਉਹ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਕੈਂਟ ਤੋਂ ਪ੍ਰਿੰਸੀਪਲ ਦੇ ਤੌਰ ਤੇ ਸੇਵਾ ਮੁਕਤ ਹੋਏ ਹਨ। ਦੋਵਾਂ ਨੇ ਸਾਰੀ ਉਮਰ ਸੱਚੀ ਅਤੇ ਸੁੱਚੀ ਕਮਾਈ ਕੀਤੀ ਅਤੇ ਦੋਵੇਂ

ਹਮੇਸ਼ਾ ਗੁਰਮਤਿ ਦੇ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੇ ਦੱਸੇ ਮਾਰਗ ਤੇ ਚੱਲਦੇ ਰਹੇ। ਉਨ੍ਹਾਂ ਨੇ ਬੜੇ ਸੁਚੱਜੇ ਢੰਗ ਨਾਲ ਬੱਚਿਆਂ ਦਾ ਪਾਲਣ-ਪੋਸ਼ਣ ਕੀਤਾ। ਤਿੰਨੋਂ ਬੱਚੇ ਬੜੇ ਜ਼ਹੀਨ ਅਤੇ ਹੋਣਹਾਰ ਬੱਚੇ ਸਨ।

ਉਨ੍ਹਾਂ ਦੇ ਬੇਟੇ ਡਾ. ਗੁਰਪ੍ਰਤਾਪ ਸਿੰਘ ਨੇ ਗੌਰਮਿੰਟ ਮੈਡੀਕਲ ਕਾਲਜ, ਪਟਿਆਲਾ ਤੋਂ ਐਮ.ਬੀ.ਬੀ.ਐਸ. ਅਤੇ ਐਮ.ਐਸ.ਆਰਥੋਪੈਡਿਕ ਵਿਚ ਵਿਸ਼ੇਸ਼ਮ ਹਾਰਤਹ ਾਸਲਕ ਤੀਇਅ ਤੇਪ ੀ.ਸੀ.ਐਮ.ਐਸ.ਸ ਰਵਿਸਤ ੋਂ ਪੈਨਸ਼ਨ ਲੈ ਕੇ ਸਮੇਂ ਤੋਂ ਪਹਿਲਾਂ ਸੇਵਾ ਮੁਕਤ ਹੋ ਕੇ ਫਰੈਂਡਜ਼ ਕਾਲੋਨੀ, ਮਿੱਠਾਪੁਰ ਰੋਡ, ਜਲੰਧਰ ਵਿਖੇ ਆਪਣੀ ਕਲੀਨਿਕ ਵਿਚ ਪ੍ਰੈਕਟਿਸ ਕਰ ਰਹੇ ਹਨ। ਉਨ੍ਹਾਂ ਦੀ ਧਰਮ ਪਤਨੀ ਡਾ. ਸਤਵਿੰਦਰ ਕੌਰ ਐਮ.ਡੀ. (ਗਾਇਨੀ) ਕਰਕੇ ਪੀ.ਸੀ.ਐਮ.ਐਸ. ਸੇਵਾ ਕਰ ਰਹੇ ਹਨ। ਡਾਕਟਰ ਮਾਤਾ ਪਿਤਾ ਦੀ ਬੇਟੀ ਹਰਲੀਨ ਕੌਰ ਅਤੇ ਬੇਟਾ ਅਰਚਿਤਪਾਲ ਸਿੰਘ ਵੀ ਡਾਕਟਰ ਬਨਣ ਲਈ ਐਮ.ਬੀ.ਬੀ.ਐਸ. ਅਤੇ ਐਮ.ਡੀ. ਦੇ ਵਿਦਿਆਰਥੀ ਹਨ। ਡਾਕਟਰ ਸਾਹਿਬ ਆਪਣੇ ਪਿਤਾ ਦੇ ਨਕਸ਼ੇ ਕਦਮ ਤੇ ਚੱਲਦੇ ਹੋਏ ਇਕ ਪਰਿਵਾਰਕ ਟਰੱਸਟ ਅਧੀਨ ਮੁਫ਼ਤ ਮੈਡੀਕਲ ਕੈਂਪ ਅਤੇ ਦਵਾਈਆਂ ਦੇ ਕੇ ਇਲਾਕੇ ਦੀ ਸੇਵਾ ਕਰ ਰਹੇ ਹਨ।

ਲੁਬਾਣਾ ਸਾਹਿਬ ਦੀ ਵੱਡੀ ਬੇਟੀ ਡਾ. ਜਸਵਿੰਦਰ ਕੌਰ ਐਮ.ਐਸ.ਸੀ. (ਬਾਟਨੀ), ਐਮ.ਫਿਲ., ਪੀ.ਐਚ.ਡੀ. ਕਰਕੇ ਪੰਜਾਬ ਸਰਕਾਰ ਦੇ ਹਾਇਰ ਐਜੂਕੇਸ਼ਨ ਵਿਭਾਗ ਵਿਚ ਲੈਕਚਰਾਰ (ਸਿਲੈਕਸ਼ਨ ਗਰੇਡ) ਵਜੋਂ ਸਰਵਿਸ ਕਰ ਰਹੇ ਹਨ ਅਤੇ ਉਨ੍ਹਾਂ ਦੇ ਜੀਵਨ ਸਾਥੀ ਇੰ. ਅਵਰਿੰਦਰ ਸਿੰਘ ਪੰਜਾਬ ਬਿਜਲੀ ਕਾਰਪੋਰੇਸ਼ਨ ਵਿਚ ਐਸ.ਈ. ਵਜੋਂ ਸੇਵਾ ਨਿਭਾ ਰਹੇ ਹਨ।

ਛੋਟੀ ਬੇਟੀ ਜਸਬੀਰ ਕੌਰ ਵੀ ਐਮ.ਡੀ. ਡਾਕਟਰ ਹਨ ਜਿਨ੍ਹਾਂ ਦੇ ਪਤੀ ਡਾ. ਕੇ.ਐਸ. ਸੋਡਾ ਅੱਖਾਂ ਦੇ ਮਾਹਿਰ ਉਨ੍ਹਾਂ ਨਾਲ ਮਿਲ ਕੇ ਸੰਗਰੂਰ ਵਿਖੇ ਆਪਣਾ ਹਸਪਤਾਲ ਚਲਾ ਰਹੇ ਹਨ।

**ਅਕਾਲ ਅਕੈਡਮੀ ਲਈ ਚਾਰ ਏਕੜ ਭੂਮੀ ਦਾਨ** - ਇਸ ਆਸ਼ਾ ਨਾਲ ਕਿ ਬੱਚਿਆਂ ਨੂੰ ਦੁਨਿਆਵੀ ਆਧੁਨਿਕ ਵਿੱਦਿਆ ਦੇ ਨਾਲ-ਨਾਲ ਅਧਿਆਤਮਿਕ ਵਿੱਦਿਆ ਦੇ ਕੇ, ਉਨ੍ਹਾਂ ਦਾ ਜੀਵਨ ਗੁਰਮਤਿ ਅਨੁਸਾਰ ਢਾਲਿਆ ਜਾ ਸਕੇ, ਕਲਗੀਧਰ ਟਰੱਸਟ ਬੜੂ ਸਾਹਿਬ (ਹਿਮਾਚਲ ਪ੍ਰਦੇਸ਼) ਵੱਲੋਂ ਪੰਜਾਬ ਦੇ ਪਿੰਡਾਂ ਵਿਚ ਵੀ ਅਕਾਲ ਅਕੈਡਮੀਆਂ ਅਸਥਾਪਿਤ ਕੀਤੀਆਂ ਜਾ ਰਹੀਆਂ ਹਨ। ਇਸੇ ਮੰਤਵ ਨਾਲ ਆਪਣੇ ਪਿੰਡ ਅਤੇ ਇਲਾਕੇ ਦੇ ਬੱਚਿਆਂ ਲਈ ਇਕ ਅਕਾਲ ਅਕੈਡਮੀ ਅਸਥਾਪਿਤ ਕਰਨ ਲਈ ਸ. ਅਵਤਾਰ ਸਿੰਘ ਨੇ ਬੜੀ ਦਰਿਆ ਦਿਲੀ ਤੋਂ ਕੰਮ ਲੈਂਦੇ ਹੋਏ ਸੰਨ 2008 ਵਿਚ ਆਪਣੀ ਨਿੱਜੀ ਚਾਰ ਏਕੜ ਤੋਂ ਵੀ ਵੱਧ ਲਗਭਗ ਇਕ ਕਰੋੜ ਮੁੱਲ ਦੀ ਜ਼ਮੀਨ ਕਲਗੀਧਰ ਟਰੱਸਟ ਨੂੰ ਦਾਨ ਕਰ ਦਿੱਤੀ ਸੀ ਜਿਥੇ ਹੁਣ ਇਕ ਅਕੈਡਮੀ ਚੱਲ ਰਹੀ ਹੈ। ਇਹ ਵਿੱਦਿਆ ਸੰਸਥਾ +2 ਤੱਕ ਸੀ.ਬੀ.ਐਸ.ਈ. ਦਿੱਲੀ ਤੋਂ ਮਾਨਤਾ ਪ੍ਰਾਪਤ ਹੈ। ਲੁਬਾਣਾ ਸਾਹਿਬ ਵੱਲੋਂ ਇਹ ਇਕ ਬੇਮਿਸਾਲ ਅਮੋਲਕ ਸੇਵਾ ਸੀ। ਇਥੋਂ ਦੇ ਵਿਦਿਆਰਥੀ ਹਮੇਸ਼ਾ ਲਈ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸਾਂ ਕਰਿਆ ਕਰਨਗੇ।

**ਬਾਪੂ ਇੰਦਰ ਸਿੰਘ ਚੈਰੀਟੇਬਲ ਟਰੱਸਟ (ਰਜਿ.)** - ਸ. ਅਵਤਾਰ ਸਿੰਘ ਦੇ ਪਿਤਾ ਸ. ਇੰਦਰ ਸਿੰਘ ਪੰਜਾਬ ਪੁਲਿਸ ਵਿਚ ਇੰਸਪੈਕਟਰ ਸਨ। ਉਹ ਸਾਰੀ ਉਮਰ ਪਬਲਿਕ ਦੇ ਸਾਂਝੇ ਕੰਮਾਂ ਅਤੇ ਸਮਾਜ ਭਲਾਈ ਗਤੀਵਿਧੀਆਂ ਵਿਚ ਹਰਿ ਸੰਭਵ ਯੋਗਦਾਨ ਦੇਂਦੇ ਰਹੇ। ਇੰਸਪੈਕਟਰ ਸਾਹਿਬ ਦੇ ਇਸ ਮਿਸ਼ਨ ਦੀ ਪੂਰਤੀ ਲਈ ਉਨ੍ਹਾਂ ਦੇ ਯੋਗ ਵਾਰਿਸਾਂ ਵੱਲੋਂ ਸੰਨ 2002 ਵਿਚ ਉਨ੍ਹਾਂ ਦੇ ਨਾਮ ਤੇ ਇਹ ਟਰੱਸਟ ਰਜਿਸਟਰ ਕਰਵਾਇਆ ਗਿਆ। ਸ. ਅਵਤਾਰ ਸਿੰਘ ਇਸ ਟਰੱਸਟ ਦੇ ਬਾਨੀ ਚੇਅਰਮੈਨ ਸਨ। ਉਨ੍ਹਾਂ ਦੇ ਛੋਟੇ ਵੀਰ ਕਰਨਲ ਗੁਰਮੀਤ ਸਿੰਘ ਅਤੇ ਸ. ਦਲੀਪ ਸਿੰਘ ਕਰਮਵਾਰ ਪ੍ਰਧਾਨ ਅਤੇ ਮੀਤ ਪ੍ਰਧਾਨ ਹਨ। ਸਾਰੇ ਵਾਰਿਸਾਂ ਦੀ ਸਰਬਸੰਮਤੀ ਨਾਲ ਪਿੰਡ ਰਾਏਪੁਰ ਪੀਰ ਬਖ਼ਸ਼ ਵਾਲਾ ਦੇ ਉਨ੍ਹਾਂ ਦੇ ਜੱਦੀ ਘਰ ਵਿਖੇ ਇਕ ਕਮਿਊਨਿਟੀ ਸੈਂਟਰ ਦਾ ਨਿਰਮਾਣ ਕੀਤਾ ਗਿਆ ਹੈ ਜਿਸ ਵਿਚ ਇਕ 2500 ਵਰਗ ਫੁੱਟ ਦਾ ਹਾਲ ਵੀ ਹੈ। ਇਕ ਲਾਇਬ੍ਰੇਰੀ ਹੈ। ਇਹ ਸੈਂਟਰ ਪਬਲਿਕ ਦੀ ਵਰਤੋਂ ਲਈ ਖੋਲ੍ਹ ਦਿੱਤਾ ਗਿਆ ਹੈ।

ਇਸ ਟਰੱਸਟ ਵੱਲੋਂ ਗਰੀਬ ਗੁਰਬੇ ਦੀ ਸਹਾਇਤਾ ਅਤੇ ਸਮਾਜ ਭਲਾਈ ਦੀਆਂ ਹੋਰ ਬਹੁ-ਪੱਖੀ ਸਰਗਰਮੀਆਂ ਦੇ ਨਾਲ-ਨਾਲ ਬੱਚਿਆਂ ਦੀ ਪੜ੍ਹਾਈ ਅਤੇ ਲੋਕਾਂ ਦੀ ਦੇਹ-ਅਰੋਗਤਾ ਅਤੇ ਬੀਮਾਰੀ ਨਾਲ ਪੀੜ੍ਹਤਾਂ ਦੇ ਦਵਾ ਦਾਰੂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ।

ਲੁਬਾਣਾ ਸਾਹਿਬ ਦੇ ਬੇਟੇ ਅਤੇ ਟਰੱਸਟ ਦੇ ਸੈਕਟਰੀ ਡਾ. ਗੁਰਪ੍ਰਤਾਪ ਸਿੰਘ ਵੱਲੋਂ ਹੋਰ ਡਾਕਟਰਾਂ ਦੇ ਸਹਿਯੋਗ ਨਾਲ ਭੁਲੱਥ ਇਲਾਕੇ ਦੇ ਪਿੰਡਾਂ ਵਿਚ ਹਰ ਮਹੀਨੇ ਮੈਡੀਕਲ ਕੈਂਪ ਲਾਏ ਜਾਂਦੇ ਹਨ। ਮਰੀਜ਼ਾਂ ਦੇ ਫ੍ਰੀ ਟੈਸਟ ਕੀਤੇ ਜਾਂਦੇ ਹਨ ਅਤੇ ਟਰੱਸਟ ਵੱਲੋਂ ਮੁਫ਼ਤ ਦਵਾਈਆਂ ਦਿੱਤੀਆਂ ਜਾਂਦੀਆਂ ਹਨ।

ਸ. ਅਵਤਾਰ ਸਿੰਘ ਭੁਲੱਥ ਇਲਾਕੇ ਦੇ ਸਕੂਲਾਂ-ਕਾਲਜਾਂ ਵਿਚ ਆਪ ਜਾ ਕੇ ਸੰਸਥਾ ਮੁਖੀਆਂ ਦੇ ਸਹਿਯੋਗ ਨਾਲ ਗਰੀਬ ਅਤੇ ਯੋਗ ਹੋਣਹਾਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਪ੍ਰਦਾਨ ਕਰਿਆ ਕਰਦੇ ਸਨ। ਬੀਮਾਰ ਹੋਣ ਤੋਂ ਕੁਝ ਸਮਾਂ ਪਹਿਲਾਂ ਮੇਰੇ ਨਾਲ ਇਕ ਤਰ੍ਹਾਂ ਦੀ ਆਖਰੀ ਮਿਲਣੀ ਲਈ ਆਪਣੇ ਛੋਟੇ ਵੀਰ ਕਰਨਲ ਗੁਰਮੀਤ ਸਿੰਘ ਨਾਲ ਕਪੂਰਥਲੇ ਆਏ ਸਨ। ਉਸ ਦਿਨ ਗੱਲਾਂ-ਗੱਲਾਂ ਵਿਚ ਉਨ੍ਹਾਂ ਨੇ ਦੱਸਿਆ ਕਿ ਪਿੰਡ ਨੰਗਲ ਲੁਬਾਣਾ ਦੇ ਇਕ ਪ੍ਰਾਈਵੇਟ ਸਕੂਲ ਵਿਚ ਕੰਮ ਕਰਦੀ ਬੇਵਾ ਸੇਵਾਦਾਰ ਦੀ ਬੇਟੀ ਨੂੰ ਟਰੱਸਟ ਵੱਲੋਂ ਪਿਛਲੇ ਪੰਜ ਸਾਲਾਂ ਤੋਂ ਪੜ੍ਹਾਈ ਦਾ ਖਰਚਾ ਦਿੱਤਾ ਜਾ ਰਿਹਾ ਸੀ। ਲੜਕੀ ਦੇ ਦੱਸਵੀਂ ਕਲਾਸ ਅਤੇ +2 ਵਿਚ 90% ਤੋਂ ਜ਼ਿਆਦਾ ਅੰਕ ਸਨ ਅਤੇ ਗੌਰਮਿੰਟ ਮੈਡੀਕਲ ਕਾਲਜ ਫਰੀਦਕੋਟ ਵਿਖੇ ਅੱਖਾਂ ਦੇ ਰੋਗਾਂ ਦਾ ਤਿਨ ਸਾਲਾ ਡਿਪਲੋਮਾ ਕੋਰਸ ਕਰ ਰਹੀ ਸੀ ਜਿਥੇ ਉਸ ਨੂੰ ਹਰ ਮਹੀਨੇ ਪੰਜ ਹਜ਼ਾਰ ਰੁਪਏ ਭੇਜੇ ਜਾਂਦੇ ਸਨ।

**ਬੈਕਵਰਡ ਕਲਾਸਿਜ਼ ਮੰਡਲ ਕਮਿਸ਼ਨ** - ਭਾਰਤ ਸਰਕਾਰ ਵੱਲੋਂ ਨਿਯੁਕਤ ਇਸ ਕਮਿਸ਼ਨ ਦੇ ਸ੍ਰੀ ਬੀ.ਪੀ. ਮੰਡਲ ਐਮ.ਪੀ., ਸਾਬਕਾ ਮੁੱਖ ਮੰਤਰੀ ਬਿਹਾਰ ਚੇਅਰਮੈਨ ਸਨ। ਸ੍ਰੀ ਐਲ.ਆਰ. ਨਾਇਕ ਐਮ.ਪੀ. (ਜੋ ਪਹਿਲਾਂ ਆਪਣੇ ਆਪ ਨੂੰ ਲੁਬਾਣਾ ਲਿਖਦੇ ਸਨ) ਇਸ ਦੇ ਇਕ ਮੈਂਬਰ ਸਨ। ਇਹ ਕਮਿਸ਼ਨ ਅਕਤੂਬਰ, 1980 ਵਿਚ ਪੰਜਾਬ ਦੇ ਦੌਰੇ ਤੇ ਆਇਆ। ਸ. ਅਵਤਾਰ ਸਿੰਘ ਲੁਬਾਣਾ ਉਸ ਸਮੇਂ ਭਲਾਈ ਵਿਭਾਗ ਪੰਜਾਬ ਚੰਡੀਗੜ੍ਹ ਵਿਖੇ ਡਿਪਟੀ ਡਾਇਰੈਕਟਰ ਸਨ ਅਤੇ ਇਸ ਕਮਿਸ਼ਨ ਦੇ ਪੰਜਾਬ ਦੌਰੇ ਦਾ ਸਾਰਾ ਪ੍ਰਬੰਧ ਉਹੀ ਦੇਖ ਰਹੇ ਸਨ। ਉਨ੍ਹਾਂ ਸਦਕਾ ਆਪਣੇ ਇਲਾਕੇ ਦੇ ਇਕ ਪਤਵੰਤੇ ਸ. ਭਗਤ ਸਿੰਘ ਐਡਵੋਕੇਟ (ਸਾਬਕਾ ਜ਼ਿਲ੍ਹਾ ਭਲਾਈ ਅਫ਼ਸਰ) ਕਮਿਸ਼ਨ ਦੇ ਪੰਜਾਬ ਲਈ ਕੋਆਪਟਿਡ ਮੈਂਬਰ ਨਾਮਜ਼ਦ ਕੀਤੇ ਗਏ। ਇਹ

ਕਮਿਸ਼ਨ ਮਿਤੀ 16 ਅਕਤੂਬਰ, 1980 ਨੂੰ ਕਪੂਰਥਲੇ ਆਇਆ। ਇਸ ਦਿਨ ਬੈਠੇ ਕਮਿਸ਼ਨ ਦੇ ਸ. ਅਵਤਾਰ ਸਿੰਘ ਸਮੇਤ ਤਿੰਨ ਮੈਂਬਰ ਲੁਬਾਣਾ ਭਾਈਚਾਰੇ ਨਾਲ ਸੰਬੰਧਤ ਸਨ। ਇਹ ਬੜੀ ਖੁਸ਼ੀ ਦੀ ਗੱਲ ਸੀ। ਉਸ ਦਿਨ ਪੰਜਾਬ ਦੀ ਲੁਬਾਣਾ ਬਰਾਦਰੀ ਦਾ ਇਕ ਡੈਪੂਟੇਸ਼ਨ ਪ੍ਰੋ. ਵਰਿਆਮ ਸਿੰਘ ਦੀ ਅਗਵਾਈ ਵਿਚ ਕਮਿਸ਼ਨ ਨੂੰ ਮਿਲਿਆ। ਜਿਸ ਵੱਲੋਂ ਪੰਜ ਸਫ਼ਿਆਂ ਦਾ ਮੈਮੋਰੰਡਮ ਕਮਿਸ਼ਨ ਨੂੰ ਦਿੱਤਾ ਗਿਆ। ਪ੍ਰੋ. ਵਰਿਆਮ ਸਿੰਘ, ਕਰਨਲ ਗੁਰਮੀਤ ਸਿੰਘ ਲੁਬਾਣਾ, ਪ੍ਰੋ. ਰਾਜਿੰਦਰ ਸਿੰਘ ਸੰਡਲਸ ਅਤੇ ਗਿ. ਹਰਚਰਨ ਸਿੰਘ ਨੰਗਲ ਲੁਬਾਣਾ ਨੇ ਮੈਮੋਰੰਡਮ ਬਾਰੇ ਖੁਲ੍ਹ ਕੇ ਕਮਿਸ਼ਨ ਨਾਲ ਗੱਲਬਾਤ ਕੀਤੀ ਅਤੇ ਲੁਬਾਣਾ ਬਰਾਦਰੀ ਨੂੰ ਪੱਛੜੀਆਂ ਸ਼੍ਰੇਣੀਆਂ ਦੀ ਲਿਸਟ ਵਿਚ ਸ਼ਾਮਲ ਕਰਨ ਲਈ ਬੇਨਤੀ ਕੀਤੀ। ਵਫਦ ਦੇ ਹੋਰ ਮੈਂਬਰਾਂ ਵਿਚ ਸਰਵ ਸ੍ਰੀ ਜਗਤਾਰ ਸਿੰਘ ਮੁਲਤਾਨੀ, ਲਖਬੀਰ ਸਿੰਘ ਐਡਵੋਕੇਟ ਅਤੇ ਪ੍ਰੋ. ਤਰਲੋਕ ਸਿੰਘ ਵੀ ਸ਼ਾਮਿਲ ਸਨ।

ਇਸ ਤੋਂ ਬਹੁਤ ਪਹਿਲਾਂ ਜੁਲਾਈ 1954 ਵਿਚ ਕਾਕਾ ਕਲੇਲਕਾਰ ਬੈਕਵਰਡ ਕਲਾਸਿਜ਼ ਕਮਿਸ਼ਨ ਨੂੰ ਮਿਲਣ ਵਾਲੇ ਪੈਪਸੂ ਦੀ ਲੁਬਾਣਾ ਬਰਾਦਰੀ ਦੇ ਡੈਪੂਟੇਸ਼ਨ ਵਿਚ ਵੀ ਸ. ਅਵਤਾਰ ਸਿੰਘ ਸਰਗਰਮ ਮੈਂਬਰ ਸਨ।

**ਕੁਝ ਹੋਰ ਸਮਾਜ ਸੇਵੀ ਸੰਸਥਾਵਾਂ ਪ੍ਰਤੀ ਯੋਗਦਾਨ** - ਪਿੰਡ, ਇਲਾਕੇ ਅਤੇ ਭਾਈਚਾਰੇ ਵਿਚ ਹਰ ਬਣੀ ਸਾਂਝੀ ਅਤੇ ਸਮਾਜ ਸੇਵੀ ਸੰਸਥਾ ਵਿਚ ਸ਼ਾਮਲ ਹੋ ਕੇ ਆਪਣਾ ਯੋਗਦਾਨ ਪਾਉਣਾ ਉਨ੍ਹਾਂ ਦੇ ਜੀਵਨ ਦਾ ਵਡਮੁੱਲਾ ਅਸੂਲ ਸੀ। ਦੋ-ਚਾਰ ਸੰਸਥਾਵਾਂ ਹੇਠ ਲਿਖੇ ਅਨੁਸਾਰ ਜ਼ਿਕਰਯੋਗ ਹਨ।

1. **ਲੁਬਾਣਾ ਯੰਗਮੈਨ ਐਸੋਸੀਏਸ਼ਨ ਕਪੂਰਥਲਾ** - ਸਿੱਖ ਨੈਸ਼ਨਲ ਕਾਲਜ, ਲਾਹੌਰ (ਪਾਕਿਸਤਾਨ) ਵਿਖੇ ਸ਼ੁਰੂ ਕੀਤੀ ਗਈ ਇਸ ਐਸੋਸੀਏਸ਼ਨ ਦੇ ਸੰਤ ਪ੍ਰੇਮ ਸਿੰਘ ਜੀ ਪ੍ਰਧਾਨ ਅਤੇ ਬਾਵਾ ਹਰਨਾਮ ਸਿੰਘ ਜੀ ਜਨਰਲ ਸੈਕਟਰੀ ਸਨ। ਸੰਨ 1944 ਵਿਚ ਮੈਂ ਵੀ ਇਸ ਦਾ ਮੈਂਬਰ ਬਣਿਆ ਸੀ। ਦੇਸ਼ ਦੀ ਵੰਡ ਤੋਂ ਬਾਅਦ ਏਸੇ ਨਾਮ ਦੀ ਐਸੋਸੀਏਸ਼ਨ 1952 ਵਿਚ ਕਪੂਰਥਲਾ ਵਿਖੇ ਬਣੀ। ਐਸੋਸੀਏਸ਼ਨ ਦੇ ਸ. ਅਵਤਾਰ ਸਿੰਘ ਲੁਬਾਣਾ ਜਨਰਲ ਸੈਕਟਰੀ ਸਨ। ਬਰਾਦਰੀ ਵਿਚ ਸਿੱਖਿਆ ਦੀ ਘਾਟ ਨੂੰ ਪੂਰਾ ਕਰਨ ਲਈ ਮੁੱਢਲੀ ਅਤੇ ਉਚੇਰੀ ਸਿੱਖਿਆ ਲਈ ਬੱਚਿਆਂ ਨੂੰ ਪ੍ਰੇਰਿਤ ਕਰਨਾ, ਗਰੀਬ ਅਤੇ ਲਾਇਕ ਵਿਦਿਆਰਥੀਆਂ ਦੀ ਮਾਇਕ ਸਹਾਇਤਾ ਕਰਨੀ ਅਤੇ ਇਸਤਰੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦੇਣਾ ਇਸ ਦੇ ਮੁੱਖ ਉਦੇਸ਼ ਸਨ। ਸੰਨ 1953 ਦੇ ਸਕਾਲਰਸ਼ਿਪ ਦੇਣ ਦੇ ਕਪੂਰਥਲਾ ਤੋਂ ਛਪੇ ਇਕ ਹੈਂਡ ਬਿਲ ਵਿਚ ਉਨ੍ਹਾਂ ਵੱਲੋਂ ਲਿਖੀਆਂ ਦੋ ਲਾਈਨਾਂ ਸਨ -

**ਇਲਮੋਂ ਬਾਜ ਨਾ ਖਾਲਿਕ ਮਿਲਦਾ ਸੱਚ ਸਿਆਣੇ ਕਹਿੰਦੇ।**
**ਬੇ-ਇਲਮਾਂ ਨੂੰ ਕੋਈ ਨਾ ਪੁੱਛਦਾ ਦਰ ਦਰ ਧੱਕੇ ਪੈਂਦੇ।**

2. **ਲੁਬਾਣਾ ਵੈਲਫੇਅਰ ਟਰੱਸਟ (ਰਜਿ.)** - ਅਪ੍ਰੈਲ, 1983 ਵਿਚ ਰਜਿਸਟਰ ਹੋਏ ਟਰੱਸਟ ਵਿਚ ਸ. ਅਵਤਾਰ ਸਿੰਘ ਅਤੇ ਸਾਥੀਆਂ ਨੇ ਆਪਣੀ ਪਹਿਲੀ ਸੰਸਥਾ ਨੂੰ ਮਦਗੰਮ ਕਰ ਦਿੱਤਾ। ਉਹ ਇਸ ਦੇ ਮੁੱਢਲੇ ਲਾਈਫ ਮੈਂਬਰ ਸਨ। ਉਮਰ ਭਰ ਇਸ ਦੀ ਮੈਨੇਜਿੰਗ ਕਮੇਟੀ ਦੇ ਮੈਂਬਰ ਅਤੇ ਅਹੁਦੇਦਾਰ ਰਹੇ ਅਤੇ ਤਨ, ਮਨ ਅਤੇ ਧੰਨ ਨਾਲ ਇਸ ਸੰਸਥਾ ਦੀ ਸੇਵਾ ਕਰਦੇ ਰਹੇ ਅਤੇ ਵੱਡੀ ਗਿਣਤੀ ਵਿਚ ਇਸ ਦੇ ਮੈਂਬਰ ਬਣਾਏ।

**ਲੁਬਾਣਾ ਸੇਵਕ ਪੱਤ੍ਰਿਕਾ** - ਸਵ. ਮੇਜਰ ਸ਼ਰਮ ਸਿੰਘ ਜੀ ਵੱਲੋਂ ਸਤੰਬਰ, 1954 ਤੋਂ ਸ਼ੁਰੂ ਕੀਤੇ ਬਰਾਦਰੀ ਦੇ ਇਸ ਮਾਸਿਕ ਸਮਾਚਾਰ ਪੱਤ੍ਰਿਕਾ ਨਾਲ ਸ. ਅਵਤਾਰ ਸਿੰਘ ਮੁੱਢ ਤੋਂ ਜੁੜੇ ਰਹੇ। ਸੰਨ 1981 ਤੋਂ 1987 ਤੱਕ ਸੰਕਟ ਸਮੇਂ ਇਹ ਪਰਚਾ ਕਪੂਰਥਲਾ ਤੋਂ ਲੁਬਾਣਾ ਵੈਲਫੇਅਰ ਟਰੱਸਟ ਦੇ ਖਰਚੇ ਤੇ ਛਪ ਕੇ ਸ਼ਾਇਆ ਹੁੰਦਾ ਰਿਹਾ। ਉਸ ਸਮੇਂ ਦੌਰਾਨ ਸ. ਅਵਤਾਰ ਸਿੰਘ ਵੱਲੋਂ ਇਸ ਖਰਚੇ ਪ੍ਰਤੀ ਨਿਭਾਈ ਗਈ ਸੇਵਾ ਪ੍ਰਸ਼ੰਸ਼ਾਯੋਗ ਸੀ। ਇਸ ਪਰਚੇ ਦੀਆਂ ਛਪੀਆਂ ਕਾਪੀਆਂ ਅਤੇ ਰਸੀਦ ਬੁਕ ਹਮੇਸ਼ਾ ਉਨ੍ਹਾਂ ਦੇ ਬੈਗ ਵਿਚ ਰਹਿੰਦੀ ਸੀ। ਇਸ ਤੋਂ ਬਾਅਦ ਵੀ ਉਨ੍ਹਾਂ ਸਾਰੀ ਉਮਰ ਇਸ ਪਰਚੇ ਦੀ ਰੱਜ ਕੇ ਸੇਵਾ ਕੀਤੀ ਅਤੇ ਵੱਡੀ ਗਿਣਤੀ ਵਿਚ ਇਸ ਦੇ ਮੈਂਬਰ ਬਣਾਏ।

3. **ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ** - ਲੁਬਾਣਾ ਬਰਾਦਰੀ ਦੀ ਇਸ ਸਿਰਮੌਰ ਸੰਸਥਾ ਦੇ ਸ. ਅਵਤਾਰ ਸਿੰਘ ਪਹਿਲਾਂ ਤੋਂ ਹੀ ਲਾਈਫ਼ ਮੈਂਬਰ ਸਨ। ਕਈ ਸਾਲਾਂ ਲਈ ਇਸ ਦੀ ਐਗਜ਼ੈਕਟਿਵ ਕਮੇਟੀ ਦੇ ਮੈਂਬਰ, ਜਾਇੰਟ ਸੈਕਟਰੀ ਅਤੇ ਹੋਰ ਅਹੁਦੇਦਾਰ ਵੀ ਰਹੇ। ਜਿਵੇਂ ਉਪਰ ਦੱਸਿਆ ਗਿਆ ਹੈ ਕਿ ਫਾਊਂਡੇਸ਼ਨ ਦੇ ਮੁੱਖ ਬੁਲਾਰੇ 'ਲੁਬਾਣਾ ਸੇਵਕ' ਪਰਚੇ ਦੀ ਲੰਮੇ ਸਮੇਂ ਤੱਕ ਸੇਵਾ ਕੀਤੀ ਅਤੇ ਇਸ ਦੇ ਵੱਡੀ ਗਿਣਤੀ ਵਿਚ ਮੈਂਬਰ ਬਣਾਏ। ਮਨੁੱਖਤਾ ਦੀ ਨਿਸ਼ਕਾਮ ਸੇਵਾ ਲਈ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਆਖਰੀ ਵਾਰ ਮਿਤੀ 27 ਅਪ੍ਰੈਲ, 2015 ਨੂੰ ਚੰਡੀਗੜ੍ਹ ਵਿਖੇ ਫਾਊਂਡੇਸ਼ਨ-ਡੇ ਅਤੇ ਐਗਜ਼ੈਕਟਿਵ ਕਮੇਟੀ ਮੀਟਿੰਗ ਸਮੇਂ ਗੁਰੂ ਘਰ ਵਿਖੇ ਸਿਰੋਪਾਓ ਦੇ ਕੇ ਉਨ੍ਹਾਂ ਨੂੰ ਸਨਮਾਨਿਤ ਹੁੰਦੇ ਮੈਂ ਆਪ ਵੇਖਿਆ। ਉਸ ਦਿਨ ਦਾਸ ਵੀ ਸੰਗਤਾਂ ਵਿਚ ਹਾਜ਼ਰ ਸੀ ਅਤੇ ਦੇਰ ਨਾਲ ਪਹੁੰਚਣ ਕਰਕੇ ਵਾਰੀ ਦੀ ਉਡੀਕ ਕਰ ਰਿਹਾ ਸੀ।

4. **ਬਾਬਾ ਮੱਖਣ ਸ਼ਾਹ ਲੁਬਾਣਾ ਵੈਲਫੇਅਰ ਸੁਸਾਇਟੀ ਜਲੰਧਰ** - ਸ. ਅਵਤਾਰ ਸਿੰਘ ਇਸ ਸੁਸਾਇਟੀ ਦੇ ਰੂਹੇ-ਰਵਾਂ, ਕਰਤਾ-ਧਰਤਾ ਅਤੇ ਫਾਊਂਡਰ ਉੱਘੇ ਪਾਤਰ ਮੰਨੇ ਜਾਂਦੇ ਸਨ। ਲਗਭਗ ਹਰ ਰੋਜ਼ ਸੁਸਾਇਟੀ ਦੇ ਹੈਡ-ਕੁਆਰਟਰ ਫੋਲੜੀਵਾਲ ਰੋਡ ਤੇ ਸਿੰਤ ਪ੍ਰੇਮ ਸੰਘ ਕੰਪਲੈਕਸ ਦੇ ਗੁਰਦੁਆਰਾ ਸਾਹਿਬ ਵਿਖੇ ਨਤ-ਮਸਤਕ ਹੋਣ ਲਈ ਜਾਇਆ ਕਰਦੇ। ਹਰ ਮਹੀਨੇ ਭਵਨ ਲਈ ਯਥਾਸ਼ਕਤ ਮਾਇਆ ਭੇਂਟ ਕਰਦੇ ਅਤੇ ਹੋਰ ਅਹੁਦੇਦਾਰਾਂ ਨੂੰ ਸਰਗਰਮ ਹੋਣ ਲਈ ਪ੍ਰੇਰਿਤ ਕਰਦੇ। ਇਸ ਕੰਪਲੈਕਸ ਦੇ ਨਿਰਮਾਣ ਦੀ ਪੂਰਤੀ ਨੂੰ ਉਨ੍ਹਾਂ ਆਪਣਾ ਜੀਵਨ ਉਦੇਸ਼ ਬਣਾ ਰੱਖਿਆ ਸੀ।

ਸੇਵਾ ਦੇ ਪੁੰਜ, ਇਲਾਕੇ ਅਤੇ ਭਾਈਚਾਰੇ ਦੀ ਉਹ ਮਹਾਨ ਹਸਤੀ 10 ਅਕਤੂਬਰ, 2015 ਨੂੰ ਆਪਣੀ ਸੰਸਾਰ ਯਾਤਰਾ ਪੂਰੀ ਕਰਦੀ ਹੋਏ ਰੱਬ ਨੂੰ ਪਿਆਰੀ ਹੋ ਗਏ। ਉਨ੍ਹਾਂ ਦੇ ਜਾਣ ਨਾਲ ਪਰਿਵਾਰ ਅਤੇ ਸਮਾਜ ਸੇਵੀ ਸੰਸਥਾਵਾਂ ਲਈ ਕਦੀ ਪੂਰਾ ਨਾ ਹੋਣ ਵਾਲਾ ਘਾਟਾ ਪੈ ਗਿਆ। ਨਿੱਜੀ ਤੌਰ 'ਤੇ ਮੈਂ ਜੀਵਨ ਵਿਚ ਕਮਾਇਆ ਹੋਇਆ ਇਕ ਬੇਸ਼ਕੀਮਤ ਅਸਾਸਾ ਅਤੇ ਸਹਾਰਾ ਖੋਹਿਆ ਗਿਆ ਅਨੁਭਵ ਕਰਦਾ ਹਾਂ। ਉਨ੍ਹਾਂ ਦੀ ਅੰਤਿਮ ਅਰਦਾਸ ਸਮੇਂ ਦੂਰੋਂ ਨੇੜਿਓਂ ਆਏ ਹਰ ਵਰਗ ਦੇ ਪਤਵੰਤੇ ਵੱਡੀ ਗਿਣਤੀ ਵਿਚ ਗੁਰਦੁਆਰਾ ਸਾਹਿਬ ਫੇਜ਼-2 ਜਲੰਧਰ ਵਿਖੇ ਹਾਜ਼ਰ ਹੋਏ।

**ਵਰਿਆਮ ਸਿੰਘ (ਪੀ.ਈ.ਐਸ.** (1))
**ਪ੍ਰਿੰਸੀਪਲ (ਰਿਟਾਇਰਡ) ਕਪੂਰਥਲਾ**

# ਪੰਜਾਬ ਦੇ ਭੂਗੋਲਿਕ ਇਲਾਕੇ ਜੋ ਜਾਤ-ਗੋਤਾਂ ਦੇ ਨਾਂਅ ਬਣ ਗਏ

**ਗੁਲਾਮ ਮੁਸਤਫ਼ਾ ਡੋਗਰ ਬਰਤਾਨੀਆ ਵਿਚ ਵਸਦੇ ਹਨ। ਅਣਵੰਡੇ ਪੰਜਾਬ ਦੇ ਇਤਿਹਾਸ, ਸੱਭਿਆਚਾਰ, ਵਿਰਸੇ ਤੇ ਲੋਕਾਂ ਬਾਰੇ ਖੋਜ ਕਰਨ ਦਾ ਉਨ੍ਹਾਂ ਨੂੰ ਬੇਹੱਦ ਸ਼ੌਕ ਹੈ। ਪੇਸ਼ ਹੈ ਪੰਜਾਬ ਦੇ ਵੱਖ-ਵੱਖ ਇਲਾਕਿਆਂ ਅਤੇ ਉਨ੍ਹਾਂ ਨਾਲ ਸਬੰਧਤ ਲੋਕਾਂ ਬਾਰੇ ਇਕ ਦਿਲਚਸਪ ਤੇ ਜਣਕਾਰੀ ਭਰਪੂਰ ਲੇਖ।**



ਮਸ਼ਰਕੀ (ਪੂਰਬੀ) ਪੰਜਾਬ ਦਾ ਗੀਤਕਾਰ ਤੇ ਗਾਇਕ ਸਤਿੰਦਰ ਸਰਤਾਜ ਮੈਨੂੰ ਬੜਾ ਪਸੰਦ ਹੈ, ਖ਼ਾਸ ਕਰਕੇ ਉਸ ਦੀ ਗਾਈ ਹੀਰ। ਕੁਝ ਦਿਨ ਪਹਿਲਾਂ ਮੈਂ ਉਸ ਦਾ ਗਾਣਾ 'ਮੁੰਡਾ ਹਜ਼ਾਰੇ ਦਾ' ਸੁਣ ਰਿਹਾ ਸੀ। ਮੈਨੂੰ ਖਿਆਲ ਆਇਆ ਕਿ ਜਦੋਂ ਸੱਭਿਆਚਾਰ ਇਕ ਹੋਵੇ ਉਸ ਇਲਾਕੇ ਨੂੰ ਸਦਾ ਲਈ ਨਹੀਂ ਵੰਡਿਆ ਜਾ ਸਕਦਾ। ਵੇਖੋ ਨਾ ਹੀਰ ਨੂੰ ਪੂਰਬੀ ਪੰਜਾਬ ਦੇ ਲੋਕ ਗਾਏ ਬਗੈਰ ਨਹੀਂ ਰਹਿ ਸਕਦੇ। 70 ਸਾਲਾਂ ਬਾਅਦ ਵੀ ਇਨ੍ਹਾਂ ਦੇ ਗਾਣਿਆਂ ਵਿਚ ਹਜ਼ਾਰੇ ਦਾ ਜ਼ਿਕਰ ਆ ਰਿਹਾ ਹੈ ਭਾਵੇਂ ਇਨ੍ਹਾਂ ਨੂੰ ਪਤਾ ਨਹੀਂ ਕਿ ਹਜ਼ਾਰਾ ਕਿਸੇ ਸ਼ਹਿਰ ਜਾਂ ਪਿੰਡ ਦਾ ਨਾਂਅ ਨਹੀਂ ਇਹ ਤਾਂ ਪਾਕਿਸਤਾਨੀ ਪੰਜਾਬ ਨਾਲ ਲਗਦੇ ਇਕ ਇਲਾਕੇ ਦਾ ਨਾਂਅ ਹੈ, ਜਿਹੜਾ ਹੈ ਤਾਂ ਪੰਜਾਬੋਂ ਬਾਹਰ ਪਰ ਬੋਲੀ ਉਥੇ ਵੀ ਲਹਿੰਦੀ ਪੰਜਾਬੀ ਹੀ ਬੋਲੀ ਜਾਂਦੀ ਹੈ।

ਕੁਦਰਤੀ ਹੈ ਹਰ ਸਮਾਜ ਜਾਤਾਂ ਗੋਤਾਂ, ਕਬੀਲਿਆਂ 'ਚ ਵੰਡਿਆ ਪਿਆ ਹੈ। ਜੇ ਇਕੱਠੇ ਪੰਜਾਬ ਦੀ ਹੀ ਗੱਲ ਕਰੀਏ ਤਾਂ ਇਥੇ ਜੱਟਾਂ ਦੇ ਹੀ ਕੋਈ 550 ਕਬੀਲੇ ਜਾਂ ਗੋਤਾਂ ਨੇ। ਰਾਜਪੂਤਾਂ ਦੀਆਂ ਕੋਈ 300 ਹੋਣਗੀਆਂ ਮਸਲਨ ਇਥੇ ਕੋਈ ਗਿੱਲ ਹੈ, ਬਾਜਵਾ ਹੈ, ਰੰਧਾਵਾ ਹੈ, ਪਰਿਹਾਰ ਹੈ, ਚੌਹਾਨ ਹੈ ਆਦਿ ਆਦਿ। ਯੂਰਪ ਵਿਚ ਇਨ੍ਹਾਂ ਨੂੰ ਫੈਮਿਲੀ ਨੇਮ ਕਹਿੰਦੇ ਹਨ।

ਇਥੇ ਮੈਂ ਇਹ ਗੱਲ ਸਾਫ਼ ਕਰਨ ਜਾ ਰਿਹਾ ਹਾਂ ਕਿ ਕਈ ਨਾਂਅ ਅਜਿਹੇ ਨੇ ਜੋ ਅਸਲ ਵਿਚ ਇਲਾਕਿਆਂ ਦੇ ਨਾਂਅ ਹਨ ਪਰ ਲੋਕ ਉਨ੍ਹਾਂ ਨੂੰ ਵੀ ਗੋਤ ਜਾਂ ਕਬੀਲੇ ਸਮਝਦੇ ਹਨ। ਮਿਸਾਲ ਦੇ ਤੌਰ 'ਤੇ ਡੋਗਰੇ, ਸੁਲੈਰੀਏ, ਬਾਰੀਏ, ਬਾਗੜੀ, ਨਕੱਈ, ਮਝੈਲ, ਮਲਵਈ ਆਦਿ। ਕਹਿਣ ਤੋਂ ਮਤਲਬ ਡੁੱਗਰ ਇਕ ਇਲਾਕੇ ਦਾ ਨਾਂਅ ਹੈ ਤੇ ਜੋ ਵੀ ਉਥੋਂ ਦਾ ਵਸਨੀਕ ਹੈ ਉਹ ਡੋਗਰਾ ਕਹਾਉਂਦਾ ਹੈ, ਭਾਵੇਂ ਉਸ ਦੀ ਕੋਈ ਵੀ ਜਾਤ ਗੋਤ ਜਾਂ ਕਬੀਲਾ ਹੋਵੇਗਾ।

ਹਜ਼ਾਰੇ ਵਿਚ ਹਰੀਪੁਰ ਸ਼ਹਿਰ ਆਬਾਦ ਹੈ, ਜਿਹੜਾ ਸਿੱਖ ਜਰਨੈਲ ਹਰੀ ਸਿੰਘ ਨਲੂਆ ਨੇ ਆਬਾਦ ਕੀਤਾ ਸੀ। ਉਥੇ ਫਿਰ ਮਾਨਸਿਹਰਾ ਸ਼ਹਿਰ ਹੈ ਜਿਸ ਦੀ ਨੀਂਹ ਸਿੱਖ ਜਰਨੈਲ ਮਾਨ ਸਿੰਘ ਨੇ ਰੱਖੀ ਸੀ। ਹਜ਼ਾਰੇ ਵਿਚ ਹੀ ਸ਼ਹਿਰ ਐਬਟਾਬਾਦ ਹੈ ਜਿਥੇ ਪਾਕਿਸਤਾਨੀ ਫ਼ੌਜ ਦੇ ਅਫਸਰਾਂ ਦਾ ਟਰੇਨਿੰਗ ਸੈਂਟਰ ਹੈ। ਅੱਜ ਤਾਂ ਵਿਚ ਵਿਚ ਕਦੀ-ਕਦੀ ਮੰਗ ਉਠਦੀ ਹੈ ਕਿ ਹਜ਼ਾਰੇ ਨੂੰ ਵੀ ਵੱਖਰਾ ਸੂਬਾ ਬਣਾਇਆ ਜਾਵੇ। ਜੇ ਅਜਿਹਾ ਹੋ ਗਿਆ ਤਾਂ ਉਸ ਦੀ ਰਾਜਧਾਨੀ ਹਰੀਪੁਰ ਹੀ ਬਣਨੀ ਹੈ।

ਯਾਦ ਰਹੇ ਹਜ਼ਾਰਾ ਇਲਾਕਾ ਐਸ ਵੇਲੇ ਖ਼ੈਬਰ ਪਖ਼ਤੂਨਖ਼ਵਾ ਦਾ ਬਹੁਤ ਵੱਡਾ ਇਲਾਕਾ ਹੈ, ਹਾਲਾਂ ਕਿ ਬੋਲੀ ਉਥੇ ਵੀ ਪੰਜਾਬੀ ਹੀ ਜਾਂਦੀ ਹੈ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਪੰਜਾਬ ਸੂਬਾ ਪੂਰੇ ਪਾਕਿਸਤਾਨ ਦਾ 64 ਫ਼ੀਸਦੀ ਹੈ। ਮੈਂ ਕਹਿੰਦਾ ਹਾਂ ਪੰਜਾਬ ਉਸ ਤੋਂ ਵੀ ਵੱਡਾ ਹੈ, ਕਿਉਂਕਿ ਜਦੋਂ ਅਸੀ 64 ਫ਼ੀਸਦੀ ਕਹਿੰਦੇ ਹਾਂ ਉਦੋਂ ਹਜ਼ਾਰੇ ਵਰਗੇ ਇਲਾਕੇ ਨਜ਼ਰਅੰਦਾਜ਼ ਕਰ ਦਿੰਦੇ ਹਾਂ ਜਿਥੋਂ ਦੀ ਬੋਲੀ ਪੰਜਾਬੀ ਹੀ ਹੈ। ਹਾਲਾਂ ਕਿ ਜਿਵੇਂ ਅਕਸਰ ਹੁੰਦਾ ਹੈ ਬੋਲੀ ਕਦੀ ਵੀ ਇਕਸਾਰ ਨਹੀ ਹੁੰਦੀ ਤੇ ਇਲਾਕੇ ਨਾਲ ਫ਼ਰਕ ਪੈਂਦਾ ਹੈ। ਹਜ਼ਾਰੇ ਦੀ ਪੰਜਾਬੀ ਪੇਸ਼ਾਵਰ ਦੀ ਹਿੰਦਕੋ ਤੇ ਪੰਜਾਬੀ ਦਾ ਮੇਲ ਜਿਹਾ ਹੈ।



**ਅਣਵੰਡੇ ਪੰਜਾਬ ਦਾ ਲਾਹੌਰ ਸ਼ਹਿਰ ਇਕ ਚਿੱਤਰਕਾਰ ਦੀ ਨਜ਼ਰ ਵਿਚ**

ਮੈਨੂੰ ਪਤਾ ਹੈ 1947 'ਚ ਹਜ਼ਾਰੇ ਤੋਂ ਬਹੁਤ ਸਿੱਖ ਉਠ ਕੇ ਪਟਿਆਲੇ ਜਾ ਬੈਠੇ ਸਨ। ਇਨ੍ਹਾਂ ਸਿੱਖਾਂ ਨੂੰ ਭਾਪੇ ਕਿਹਾ ਜਾਂਦਾ ਹੈ।

ਹਜ਼ਾਰੇ ਤੋਂ ਥੋੜ੍ਹਾ ਅਗਲਾ ਇਲਾਕਾ ਛੱਛ ਕਹਾਉਦਾ ਹੈ। ਉਥੋਂ ਦੇ ਵਸਨੀਕ ਨੂੰ ਛਾਛੀ ਕਿਹਾ ਜਾਂਦਾ ਹੈ। ਇਹ ਸਮਝ ਲਓ ਕਿ ਪੇਸ਼ਾਵਰ ਤੇ ਪੰਜਾਬ ਦੇ ਵਿਚਲਾ ਇਲਾਕਾ ਹੈ। ਅਜਿਹਾ ਇਲਾਕਾ ਜਿਥੇ ਦੋ ਜ਼ਬਾਨਾਂ ਮਿਲਦੀਆਂ ਹੋਣ, ਉਥੇ ਦੇ ਲੋਕ ਉਹ ਦੋਵੇਂ ਜ਼ਬਾਨਾਂ ਬੋਲ ਸਕਦੇ ਹੁੰਦੇ ਨੇ ਤੇ ਬਸ ਇਹੋ ਹਾਲ ਛੱਛ ਦਾ ਹੈ। ਛਾਛੀ ਪਸ਼ਤੋ ਤੇ ਪੰਜਾਬੀ ਦੋਵੇਂ ਬੋਲ ਸਕਦੇ ਨੇ। ਸਾਡੀ ਨਿਗ੍ਹਾ ਵਿਚ ਤਾਂ ਛਾਛੀ ਪਠਾਣ ਹੀ ਹੁੰਦੇ ਨੇ ਪਰ ਪਠਾਣ ਲੋਕ ਇਨ੍ਹਾਂ ਨੂੰ ਅਸਲੀ ਪਠਾਣ ਨਹੀਂ ਗਿਣਦੇ। ਉਹ ਕਹਿੰਦੇ ਹਨ ਇਹ ਛਾਛੀ ਪਠਾਣ ਨੇ। ਛੱਛ ਦਾ ਵੱਡਾ ਸ਼ਹਿਰ ਅੱਟਕ ਹੈ।

ਹਜ਼ਾਰੇ ਤੋਂ ਓਰਾਂ ਨੂੰ ਆਈਏ ਤਾਂ ਪੰਜਾਬ ਦਾ ਜੋ ਇਲਾਕਾ ਪੈਂਦਾ ਹੈ ਉਸ ਨੂੰ ਪੋਠੋਹਾਰ ਕਿਹਾ ਜਾਂਦਾ ਹੈ, ਜਿਸ ਵਿਚ ਰਾਵਲਪਿੰਡੀ, ਚਕਵਾਲ,

ਜਿਹਲਮ, ਗੁਜਰਾਤ, ਪਿੰਡੀ ਘੇਬ ਜ਼ਿਲ੍ਹੇ ਆਉਂਦੇ ਹਨ। ਇਹ ਕਾਫੀ ਵੱਡਾ ਇਲਾਕਾ ਹੈ। ਇਸ ਇਲਾਕੇ ਦੇ ਲੋਕ ਖ਼ਾਸ ਕਰਕੇ ਜੱਟ ਤੇ ਰਾਜਪੂਤ ਫ਼ੌਜ ਵਿਚ ਵੱਡੀ ਗਿਣਤੀ ਵਿਚ ਹਨ। ਇਥੇ ਜੋ ਜ਼ਬਾਨ ਬੋਲੀ ਜਾਂਦੀ ਹੈ ਉਹ ਪੋਠੋਹਾਰੀ ਪੰਜਾਬੀ ਹੈ। ਜੋ ਤੁਹਾਡੇ ਇਲਾਕੇ ਵਿਚ ਭਾਪਿਆਂ ਦੀ ਜ਼ਬਾਨ ਹੈ।

ਫਿਰ ਓਰੇ ਆਉਂਦੇ ਹਾਂ ਤਾਂ ਜਿਹੜਾ ਇਲਾਕਾ ਪੈਂਦਾ ਹੈ ਉਨੂੰ ਚੱਜ ਕਿਹਾ ਜਾਂਦਾ ਹੈ। ਇਥੋਂ ਦੇ ਮੂਲ ਨਿਵਾਸੀ ਗੋਂਦਲ ਜੱਟ ਤੇ ਰਾਂਝੇ ਜੱਟ ਹਨ। ਧੀਦੋ ਰਾਂਝਾ ਇਸੇ ਇਲਾਕੇ ਦਾ ਸੀ। ਮਤਲਬ ਜਿਹਲਮ ਤੇ ਚਿਨਾਬ ਵਿਚਲਾ ਇਲਾਕਾ ਮੰਡੀ ਬਹਾਉਦੀਨ। ਗੁਜਰਾਤ ਸ਼ਹਿਰ ਝਨਾਂ ਦਰਿਆਂ ਦੇ ਕੰਢੇ ਸੋਹਣੀ ਮਹੀਂਵਾਲ ਵੀ ਇਸੇ ਇਲਾਕੇ ਦੇ ਹੋਏ ਹਨ।

ਸੱਚੀ ਗੱਲ ਇਹ ਹੈ ਕਿ ਜੇ ਕੋਈ ਪੂਰਬੀ ਪੰਜਾਬ ਬਾਰੇ ਲਿਖ ਰਿਹਾ ਹੋਵੇ ਅਤੇ ਜੇ ਉਸ ਨੂੰ ਪੱਛਮੀ ਪੰਜਾਬ ਬਾਰੇ ਜਾਣਕਾਰੀ ਨਾ ਹੋਵੇ ਤਾਂ ਉਸ ਦੀ ਲਿਖਤ ਕਦੀ ਵੀ ਭਰੋਸੇਮੰਦ ਨਹੀਂ ਬਣ ਸਕਦੀ। ਇਕ ਹਿੱਸੇ ਦੇ ਭੂਗੋਲ ਨੂੰ ਸਮਝਣ ਵਾਸਤੇ ਤੁਹਾਨੂੰ ਪੂਰੇ ਪੰਜਾਬ ਦਾ ਜਗਰਾਫੀਆ ਪੜ੍ਹਨਾ ਪਵੇਗਾ। ਇਕਾਈ (ਯੂਨਿਟ) ਪੰਜਾਬ ਹੈ। ਜਿਵੇਂ ਸਰੀਰ ਦੇ ਵੱਖ-ਵੱਖ ਅੰਗ ਹੁੰਦੇ ਹਨ। ਇਸ ਨੂੰ ਵੰਡ ਜਿੰਨਾ ਮਰਜ਼ੀ ਲਓ ਪਰ ਅਸਲੀ ਪੰਜਾਬ ਤਾਂ ਅਣਵੰਡਿਆ ਪੰਜਾਬ ਹੀ ਹੈ। ਕੋਈ ਟੁਕੜਾ ਪੰਜਾਬ ਨਹੀਂ ਕਹਾ ਸਕਦਾ।

ਅੰਮ੍ਰਿਤਸਰ ਦੇ ਦੱਖਣ ਵਿਚ ਛੋਟਾ ਜਿਹਾ ਕਸਬਾ ਹੈ 'ਝਬਾਲ'। ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਉਸ ਇਲਾਕੇ ਦੇ ਮੌਜੂਦਾ ਸਿੱਖ ਵਸਨੀਕਾਂ ਨੂੰ ਪਤਾ ਵੀ ਨਹੀਂ ਹੋਣਾ ਕਿ ਇਨੂੰ ਝਬਾਲ ਕਿਉਂ ਕਿਹਾ ਜਾਂਦਾ ਹੈ। ਹਾਂ, ਪਰ ਜੇ ਤੁਹਾਨੂੰ ਲਹਿੰਦੇ ਪੰਜਾਬ ਦਾ ਗਿਆਨ ਹੈ ਤਾਂ ਜ਼ਰੂਰ ਜਾਣਦੇ ਹੋਵੋਗੇ।

ਪੰਜਾਬ ਦੇ ਰਾਜਪੂਤਾਂ ਦੀ ਇਕ ਗੋਤ ਹੈ ਚਿੱਭ ਤੇ ਹੋ ਸਕਦਾ ਇਹ ਚਿੱਬ ਲਫ਼ਜ਼ ਚਿੱਬਾ ਤੋਂ ਆਇਆ ਹੋਵੇ ਮਤਲਬ ਕਿਸੇ ਚੀਜ਼ ਵਿਚ ਚਿੱਬ ਪੈ ਜਾਣਾ। ਚਿੱਬ ਲੋਕਾਂ ਦਾ ਮੁੱਖ ਇਲਾਕਾ ਹੈ ਪੋਠੋਹਾਰ ਨਾਲ ਲਗਦਾ, ਗੁਜਰਾਤ ਦਾ ਪਹਾੜ ਪਾਸਾ ਪਰ ਜੰਮੂ ਤੋਂ ਥੱਲੇ: ਖਾਰੀਆਂ, ਜਿਹਲਮ, ਗੁਜਰਾਤ, ਭਿੰਬਰ ਆਦਿ। ਇਨ੍ਹਾਂ ਚਿੱਬੇ ਰਾਜਪੂਤਾਂ ਦਾ ਇਹ ਇਲਾਕਾ ਕਹਾਉਂਦਾ ਹੈ ਚਿੱਬਆਲ ਜਾਂ ਚਿਬਾਲ ਜਾਂ ਝਬਾਲ। ਕਿਸੇ ਵੇਲੇ ਇਹ ਲੋਕ ਕਾਂਗੜੇ ਦੇ ਵਸਨੀਕ ਸਨ ਤੇ ਇਹ ਡੋਗਰੇ ਵੀ ਕਹਾਉਂਦੇ ਹਨ। ਵਕਤ ਪਾ ਕੇ ਇਧਰ-ਓਧਰ ਵਸ ਗਏ। ਪਰ ਅੱਜ ਪਹਾੜਾਂ ਤੋਂ ਥੱਲੇ ਦੇ ਇਹ ਚਿੱਬੇ ਸਭ ਮੁਸਲਮਾਨ ਹਨ ਤੇ ਪਹਾੜਾਂ ਵਿਚ ਕਟੋਚ ਕਹਾਉਂਦੇ ਹਨ। ਇਨ੍ਹਾਂ ਚਿੱਬੇ ਰਾਜਪੂਤਾਂ ਦੀ ਬਕਾਇਦਾ ਇਕ ਰਿਆਸਤ ਵੀ ਸੀ, ਮੀਰਪੁਰ ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਜਿੱਤ ਕੇ ਆਪਣੇ ਰਾਜ ਵਿਚ ਮਿਲਾ ਲਿਆ ਸੀ। ਚਿੱਬਾਂ ਦਾ ਜਠੇਰਾ ਕੋਈ ਪੀਰ ਸੂਰੀ ਸਾਧ ਹੋਇਆ ਹੈ, ਜਿਸ ਨੇ ਇਨ੍ਹਾਂ ਨੂੰ ਮੁਸਲਮਾਨ ਬਣਾਇਆ। ਇਹ ਔਰੰਗਜ਼ੇਬ ਦੇ ਵੇਲੇ ਫ਼ੌਜ ਨਾਲ ਲੜਦਾ ਮਰਿਆ ਗਿਆ ਸੀ। ਚਿੱਬ ਲੋਕ ਆਪਣੇ ਬੱਚੇ ਦੀ ਝੰਡ ਵੀ ਇਸ ਦੀ ਦਰਗਾਹ 'ਤੇ ਜਾ ਕੇ ਹੀ ਚੜ੍ਹਾਉਂਦੇ ਨੇ। ਚਿੱਬ ਲੋਕ ਦੋਵਾਂ ਮੁਲਕਾਂ ਦੀ ਫ਼ੌਜ ਵਿਚ ਕਾਫੀ ਗਿਣਤੀ 'ਚ ਹਨ।

ਸੋ, ਹੁਣ ਪਤਾ ਲੱਗਾ ਕਿ ਕਸਬੇ ਦਾ ਨਾਂਅ ਝਬਾਲ ਕਿਉਂ ਪਿਆ, ਉਥੇ ਵੀ ਚਿੱਬ ਰਾਜਪੂਤ ਰਹਿੰਦੇ ਹੋਣਗੇ, ਜੋ ਪਾਕਿਸਤਾਨ ਬਣਨ ਤੇ ਜਾਂ ਪਹਿਲੋਂ ਇਧਰ ਓਧਰ ਚਲੇ ਗਏ।

ਇਸੇ ਤਰ੍ਹਾਂ ਜੋ ਲੋਕ ਬਾਰ ਦੇ ਰਹਿਣ ਵਾਲੇ ਹਨ ਜਾਂ ਸਨ ਲੋਕ ਉਨ੍ਹਾਂ ਨੂੰ ਬਾਰੀਏ ਕਹਿੰਦੇ ਨੇ।

ਸਾਡੀ ਨਵੀਂ ਪੀੜ੍ਹੀ ਨੂੰ ਬਾਰਾਂ ਬਾਰੇ ਕੋਈ ਖਾਸ ਗਿਆਨ ਨਹੀਂ। ਇਹ ਪੰਜਾਬ ਦਾ ਬੇਅਬਾਦ ਜਿਹਾ ਜੰਗਲੀ ਇਲਾਕਾ ਹੁੰਦਾ ਸੀ, ਜਿਨ੍ਹਾਂ ਨੂੰ ਅੰਗਰੇਜ਼ਾਂ ਨੇ ਸਿਆਲਕੋਟ, ਲਾਹੌਰ, ਗੁਰਦਾਸਪੁਰ, ਅੰਮ੍ਰਿਤਸਰ, ਲੁਧਿਆਣਾ ਆਦਿ ਜ਼ਿਲ੍ਹਿਆਂ ਵਿਚ ਕੁਝ ਆਬਾਦੀ ਨੂੰ ਮੁਫ਼ਤ ਜ਼ਮੀਨਾਂ ਦੇ ਕੇ ਵਸਾਇਆ ਸੀ। ਧਿਆਨ ਰਹੇ ਬਾਰਾਂ ਤਿੰਨ ਹਨ : 1. ਨੀਲੀ ਬਾਰ, 2. ਸਾਂਦਲ ਬਾਰ, 3. ਕਿਰਾਨਾ ਬਾਰ।

ਨੀਲੀ ਬਾਰ ਰਾਵੀ ਤੇ ਸਤਲੁਜ ਦੇ ਦਰਮਿਆਨ ਦਾ ਇਲਾਕਾ ਹੈ। ਇਸ ਵਿਚ ਖਾਨੇਵਾਲ, ਸਾਹੀਵਾਲ, ਓਕਾੜਾ, ਵਿਹਾੜੀ, ਪਾਕ-ਪੱਤਨ ਆਦਿ ਆਉਂਦੇ ਹਨ। ਇਥੋਂ ਦੇ ਮੂਲ ਨਿਵਾਸੀ ਸਨ ਬੋਦਲੇ, ਢੱਡੀ, ਹਾਂਸ, ਜੋਈਆ, ਕਾਠੀਆ, ਖਰਲ, ਲੰਗੜਿਆਲ, ਸਿਆਲ, ਵੱਟੂ। ਯਾਦ ਰਹੇ ਹੀਰ ਸਿਆਲ ਕਬੀਲੇ ਦੀ ਹੈ। ਰਾਂਝਾ ਹੈ ਤਾਂ ਜੱਟ ਕਬੀਲੇ ਦਾ ਸੀ ਪਰ ਉਹ ਮੁਕਾਮੀ ਨਹੀਂ ਥੋੜ੍ਹਾ ਦੂਸਰੇ ਇਲਾਕੇ ਭਾਵ ਸਰਗੋਧੇ ਤੋਂ ਸੀ। ਰਾਂਝੇ ਦਾ ਅਸਲ ਨਾਂਅ ਧੀਦੋ ਸੀ। ਰਾਂਝਾ ਗੋਤ ਹੈ।

ਸਾਂਦਲ ਬਾਰ ਨੂੰ ਦੁੱਲੇ ਭੱਟੀ ਵਾਲੀ ਬਾਰ ਵੀ ਕਿਹਾ ਜਾਂਦਾ ਹੈ। ਇਹ ਰਾਵੀ ਤੇ ਝਨਾਂ ਦੇ ਦਰਮਿਆਨ ਵਾਲਾ ਇਲਾਕਾ ਹੈ। ਇਸ ਵਿਚ ਵਸਦੇ ਮੂਲ ਨਿਵਾਸੀ ਹਨ : ਖਰਲ, ਚੱਧਰ, ਖੇੜੇ, ਜੋਈਏ, ਵਾਹਗੇ, ਨੂਰ, ਸਪਰਾਅ, ਤੇ ਸਿਆਲ। ਯਾਦ ਰਹੇ ਮਿਰਜ਼ਾ ਖਰਲ ਜੱਟ ਸੀ ਤੇ ਸਹਿਬਾਂ ਚੱਧੜ ਜੱਟ ਕਬੀਲੇ ਨਾਲ ਸਬੰਧ ਰੱਖਦੀ ਸੀ। ਹੀਰ ਵਿਆਹੀ ਖੇੜਿਆਂ ਵੱਲ ਗਈ ਸੀ। ਸੈਦਾ ਖੇੜਾ ਉਸ ਦਾ ਪਤੀ ਸੀ। ਜਿਹੜਾ ਖੇੜਾ ਨਾਂਅ ਹੈ ਪੰਜਾਬ ਦੇ ਬਾਕੀ ਹਿੱਸਿਆਂ ਵਿਚ ਇਸ ਨੂੰ ਕਿਤੇ ਖਾਹਰਾ ਕਿਹਾ ਜਾਂਦਾ ਕਿਤੇ ਖਹਿਰਾ, ਹੈ ਇਕੋ ਹੀ।

ਤੀਜੀ ਕਿਰਾਨਾ ਬਾਰ ਜਾਂ ਝੱਜ ਦੁਆਬ ਮਤਲਬ ਝਨਾਂ ਤੇ ਜਿਹਲਮ ਵਿਚਲਾ ਇਲਾਕਾ। ਇਥੇ ਵਸਦੇ ਲੋਕ: ਗੋਂਦਲ, ਖਿੱਚੀ ਤੇ ਕਲਿਆਰ ਜਾਂ ਕਲੇਰ ਹਨ। ਫਿਰ ਲਾਹੌਰ ਦੇ ਲਹਿੰਦੇ ਪਾਸੇ ਜਿਹੜਾ ਇਲਾਕਾ ਪੈਂਦਾ ਹੈ ਉਸ ਨੂੰ ਨਾਕਾ ਕਹਿੰਦੇ ਹਨ। ਨਾਕਾ ਭਾਵ ਰੁਕਾਵਟ ਸਰਹੱਦ। ਇਥੋਂ ਦੇ ਵਸਨੀਕਾਂ ਨੂੰ ਨਕੱਈ ਕਹਿ ਦਿੱਤਾ ਜਾਂਦਾ ਹੈ। ਇਹ ਲੋਕ ਹੈ ਤਾਂ ਸੰਧੂ ਜੱਟ। ਸ਼ਾਇਦ ਤੁਹਾਨੂੰ ਯਾਦ ਹੋਵੇਗਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਇਕ ਰਾਣੀ ਸੀ ਜਿਹਦਾ ਨਾਂਅ ਮਾਈ ਨਕੈਣ ਸੀ। ਇਹ ਨਕੱਈ ਮਿਸਲ ਦੇ ਸਰਦਾਰਾਂ ਦੀ ਧੀ ਸੀ। ਇਸੇ ਖਾਨਦਾਨ ਦੇ ਸਰਦਾਰ ਅਤਰ ਸਿੰਘ (ਖੁਦਾ ਬਖਸ਼) ਤੇ ਈਸ਼ਰ ਸਿੰਘ (ਅਬਦੁਲ ਅਜ਼ੀਜ਼) ਅੰਗਰੇਜ਼ਾਂ ਵੇਲੇ ਮੁਸਲਮਾਨ ਬਣ ਗਏ ਸਨ। ਇਹ ਪਰਿਵਾਰ ਅੱਜ ਵੀ ਲਹਿੰਦੇ ਪੰਜਾਬ ਦੀ ਸਿਆਸਤ ਵਿਚ ਵੱਡਾ ਅਸਰ ਰਸੂਖ ਰੱਖਦਾ ਹੈ। ਪਿੱਛੇ ਤਾਂ ਆਰਿਫ ਨਕਈ ਤਾਂ ਪੰਜਾਬ ਦਾ ਮੁੱਖ ਮੰਤਰੀ ਵੀ ਰਿਹਾ ਹੈ।

ਇਸੇ ਤਰ੍ਹਾਂ ਇਸੇ ਚੂਹਣੀਆਂ ਇਲਾਕੇ ਤੋਂ ਸੰਧੂ ਜੱਟਾਂ ਦੇ ਸ਼ੁਕਰਚੱਕੀਆ ਮਿਸਲ ਦੇ ਜਥੇਦਾਰ ਜੋਧ ਸਿੰਘ ਦੇ ਪਰਿਵਾਰ ਦੇ ਬੰਦੇ ਜੋ ਬਾਅਦ ਵਿਚ ਮੁਸਲਮਾਨ ਬਣ ਗਏ ਸਨ, ਉਨ੍ਹਾਂ ਦੇ ਟੱਬਰ ਵਿਚੋਂ ਵੀ ਕਈ ਲੋਕ ਅੱਜ ਦੀ ਸਿਆਸਤ ਵਿਚ ਪੂਰੇ ਸਰਗਰਮ ਨੇ ਇਹ ਮੁਅੱਕਲ ਕਹਾਉਂਦੇ ਹਨ।

ਫਿਰ ਸਿਆਲਕੋਟ ਪਸਰੂਰ ਵਗੈਰਾ ਦਾ ਜਿਹੜਾ ਇਲਾਕਾ ਪੈਂਦਾ ਹੈ ਇਸ ਨੂੰ ਬਜਵਾਤ ਕਿਹਾ ਜਾਂਦਾ ਹੈ। ਇਹ ਬਾਜਵੇ ਜੱਟਾਂ ਤੇ ਬਿਜੂ ਰਾਜਪੂਤਾਂ ਦਾ ਇਲਾਕਾ ਹੈ, ਜਿਨ੍ਹਾਂ ਵਿਚ ਕੁਝ ਹਿੰਦੂ ਵੀ ਸਨ ਜੋ 1947 ਵੇਲੇ ਹਿਜਰਤ ਕਰ ਗਏ। ਕੌਮਾਂ ਕਬੀਲਿਆਂ ਤੇ ਕੰਮ ਕਰਨ ਵਾਲੇ ਵਿਦਵਾਨਾਂ ਦਾ ਅੰਦਾਜ਼ਾ ਹੈ ਕਿ ਸ਼ੁਰੂ ਵਿਚ ਇਹ ਕੋਈ ਸ਼ਿਕਾਰੀ ਕਬੀਲਾ ਹੋਵੇਗਾ ਜਿਨ੍ਹਾਂ ਨੂੰ ਸ਼ਿਕਾਰੀ ਬਾਜ਼ ਪਾਲਣ ਵਿਚ ਮਹਾਰਤ ਸੀ। ਅੱਜ ਵੀ ਮੱਧ ਪੂਰਬ ਦੇ ਅਰਬ ਤੇ ਕੇਂਦਰੀ ਏਸ਼ੀਆ ਦੇ ਤੁਰਕ ਤੇ ਮੰਗੋਲ ਜੰਗਲੀ ਇਲਾਕੇ ਵਿਚ ਹਿਰਨ ਤੱਕ ਦਾ

ਸ਼ਿਕਾਰ ਬਾਜ਼ ਨਾਲ ਕਰਦੇ ਨੇ। ਸੋ ਇਹ ਬਾਜ਼ ਵਾਲਾ ਕਬੀਲਾ ਹੌਲੀ-ਹੌਲੀ ਬਣ ਗਿਆ ਬਾਜਵਾ ਤੇ ਇਨ੍ਹਾਂ ਦਾ ਇਲਾਕਾ ਕਹਾਇਆ ਬਜਵਾਤ। ਇਸ ਤਰ੍ਹਾਂ ਇਹ ਇਲਾਕਾ ਖਾਸ ਬਣਦਾ ਹੈ ਜਿਸ ਦਾ ਨਾਂਅ ਕੌਮ ਦੇ ਨਾਂਅ ਤੋਂ ਪੈਂਦਾ ਹੈ, ਮਤਲਬ ਬਾਜਵਿਆਂ ਦਾ ਇਲਾਕਾ। ਇਹ ਕਬੀਲਾ ਅੱਗੇ ਜਾ ਕੇ ਫਿਰ ਪਾਟਦਾ ਹੈ ਤੇ ਕੁਝ ਜੱਟਾਂ ਨਾਲ ਜੁੜੇ ਤੇ ਕੁਝ ਰਾਜਪੂਤ ਕਹਾਏ। ਅੱਜ ਪਸਰੂਰ ਸਿਆਲਕੋਟ ਇਲਾਕੇ ਵਿਚ ਇਨ੍ਹਾਂ ਦੇ ਕੋਈ 180 ਪਿੰਡ ਹਨ।

ਦੂਸਰੇ ਪਾਸੇ ਦੰਦ ਕਥਾ ਅਨੁਸਾਰ ਇਹ ਲੋਕ ਮੂਲ ਵਿਚ ਰਾਜਪੂਤ ਸਨ। ਚਵਿੰਡਾ ਤੇ ਪਸਰੂਰ ਇਲਾਕੇ ਦੇ ਇਕ ਖ਼ਾਸ ਟੱਬਰ ਵਿਚ ਦੋ ਭਰਾ ਹੋਏ ਜੱਸ ਤੇ ਕਲਸ। ਜਿਨ੍ਹਾਂ ਵਿਚੋਂ ਜੱਸ ਨੇ ਤਾਂ ਜੰਮੂ ਦੇ ਰਾਜੇ ਕੋਲ ਨੌਕਰੀ ਕਰ ਲਈ ਤੇ ਕਲੱਸ ਨੇ ਨੇੜੇ ਲਗਦੇ ਪਿੰਡ ਪੰਨਵਾਣਾਂ ਦੇ ਕਿਸੇ ਸੰਧੂ ਜੱਟ ਪਰਿਵਾਰ ਦੀ ਲੜਕੀ ਨਾਲ ਨਾਤਾ ਜੋੜ ਲਿਆ। ਜੱਸ ਨੂੰ ਜਦੋਂ ਇਹ ਪਤਾ ਲਗਾ ਤਾਂ ਕਿ ਕਲਸ ਨੇ ਬਰਾਦਰੀ ਤੋਂ ਬਾਹਰ ਵਿਆਹ ਕੀਤਾ ਹੈ ਤਾਂ ਉਸ ਦਾ ਸਮਾਜਿਕ ਬਾਈਕਾਟ ਕਰ ਦਿੱਤਾ ਤੇ ਬਰਾਦਰੀ ਤੋਂ ਖਾਰਜ ਕਰ ਦਿੱਤਾ ਕਿਉਂਕਿ ਰਾਜਪੂਤ ਆਪਣੇ ਆਪ ਨੂੰ ਜੱਟਾਂ ਨਾਲੋਂ ਉੱਚਾ ਸਮਝਦੇ ਸਨ। ਕਲਸ ਫਿਰ ਜੱਟ ਬਣਿਆ। ਉਸ ਦੀ ਔਲਾਦ ਫਿਰ ਜੱਟ ਬਾਜਵੇ ਕਹਾਏ। ਇਨ੍ਹਾਂ ਦਾ ਜਠੇਰਾ ਮਾਂਗੇ ਵਿਚ ਹੈ ਤੇ ਮੜ ਮਾਂਗਾ ਕਹਾਉਂਦਾ ਹੈ।

### ਸਾਂਝੀਆਂ ਹਨ ਚੜ੍ਹਦੇ ਅਤੇ ਲਹਿੰਦੇ ਪੰਜਾਬੀਆਂ ਦੀਆਂ ਗੋਤਾਂ

ਜੱਸ ਦੀ ਔਲਾਦ ਵਿਚੋਂ ਕੋਈ ਕੌਲੂ ਨਾਂਅ ਦਾ ਬੰਦਾ ਹੋਇਆ ਜਿਹਦੇ ਔਲਾਦ ਨਹੀਂ ਸੀ ਹੁੰਦੀ। ਵਕਤ ਪਾ ਕੇ ਪਿੰਡ ਕਾਲਾ ਰਾਂਅ ਦੇ ਸ਼ੇਖ ਗਦਾਈ ਦੀ ਬਖਸ਼ਸ਼ ਨਾਲ ਉਹਦੇ ਘਰ ਫਿਰ ਪੰਜ ਬੱਚੇ ਪੈਦਾ ਹੋਏ; ਮਾਨਕ, ਮਾਂਗਾ, ਨਾਰੋ, ਨਰਾਇਣ ਅਤੇ ਬਸ। ਉਹਦਾ ਮਜ਼ਾਰ ਅੱਜ ਵੀ ਪਿੰਡ ਵਿਚ ਹੈ। ਲੋਕ ਕਹਾਣੀ ਇਹ ਹੈ ਕਿ ਜਦੋਂ ਕੌਲੂ ਦੀ ਬੀਵੀ ਪੀਰ ਕੋਲੋਂ ਬੱਚੇ ਦੀ ਦਾਤ ਮੰਗ ਰਹੀ ਸੀ ਤਾਂ ਪੀਰ ਨੇ ਖੁਸ਼ ਹੋ ਕੇ ਕਿਹਾ ਜਾਹ ਜੇ ਤੂੰ ਮੰਗਿਆ ਤਾਂ ਤੈਨੂੰ ਰੱਬ ਮਾਨਕ ਵੀ ਦਏ, ਜੇ ਤੂੰ ਮੰਗਿਆ ਤਾਂ ਤੈਨੂੰ ਰੱਬ ਮਾਂਗਾ ਵੀ ਦਏ, ਤੈਨੂੰ ਨਰਾਇਣ ਵੀ ਦਏ ਤੈਨੂੰ ਨਾਰੋ ਵੀ ਦਏ। ਅੱਗੋਂ ਕੌਲੂ ਦੀ ਬੀਵੀ ਚੀਕ ਉਠੀ ਕਹਿੰਦੀ ਬਸ ਬਾਬਾ ਬਸ। ਪੀਰ ਨੇ ਕਿਹਾ ਖੁਦਾ ਤੈਨੂੰ ਬਸ ਵੀ ਦਏ। ਫਿਰ ਇਸੇ ਤਰਤੀਬ ਵਿਚ ਬੱਚੇ ਪੈਦਾ ਹੋਏ ਜਿਨ੍ਹਾਂ ਦੇ ਨਾਂਅ ਓਸੇ ਤਰ੍ਹਾਂ ਰੱਖੇ ਗਏ ਤੇ ਪੰਜਵੀਂ ਧੀ ਪੈਦਾ ਹੋਈ ਜਿਹਦਾ ਨਾਂਅ ਉਨ੍ਹਾਂ ਬੱਸੋ ਰੱਖਿਆ।

ਕਿਹਾ ਜਾਂਦਾ ਹੈ ਕਿ ਪੀਰ ਨੇ ਕਿਹਾ ਚੰਗਾ ਤੇਰੇ ਘਰ ਬਸ ਵੀ ਆਏਗੀ ਤੇ ਜੋ ਕੁੜੀ ਪੈਦਾ ਹੋਈ ਉਹਦਾ ਨਾਂਅ ਰੱਖਿਆ ਬੱਸੋ। ਇਹੋ ਕਾਰਨ ਹੈ ਬਾਜਵੇ ਲੋਕ ਕੋਈ ਗੱਲ ਖ਼ਤਮ ਕਰਾਉਣ ਮੌਕੇ ਬਸ ਨਹੀਂ ਕਹਿੰਦੇ। ਜਿਵੇਂ ਆਪਾਂ ਰੋਟੀ ਖਾਂਦਿਆਂ ਕਹਿ ਦਿੰਨੇ ਕਿ ਜੀ ਬਸ ਕਰੋ ਰੱਜ ਗਏ ਹਾਂ। ਸੋ ਇਨ੍ਹਾਂ ਪੰਜਾਂ ਦੇ ਨਾਂਅ 'ਤੇ ਇਸ ਇਲਾਕੇ ਵਿਚ ਪਿੰਡ ਜਾਂ ਸ਼ਹਿਰ ਆਬਾਦ ਹੋਏ; ਮਾਨਕ. ਮਾਂਗਾ, ਨਾਰੋਵਾਲ ਆਦਿ।

ਸੋ, ਵਕਤ ਪਾ ਕੇ ਜਿਹੜਾ ਜਸ ਸੀ ਉਹ ਵੀ ਜੰਮੂ ਤੋਂ ਇਧਰ ਆ ਗਿਆ ਤੇ ਉਹਦੀ ਔਲਾਦ ਬੱਜੂ ਰਾਜਪੂਤਾਂ ਦੇ ਕੋਈ 85 ਪਿੰਡ ਮੂਲ ਬਜਵਾਤ ਇਲਾਕੇ ਵਿਚ ਹੀ ਹਨ। ਜਦੋਂ ਕਿ ਜੱਟ ਬਾਜਵੇ ਦੱਖਣ ਪਸਰੂਰ ਸਿਆਲਕੋਟ ਨਾਰੋਵਾਲ ਵਗੈਰਾ ਇਲਾਕਿਆਂ 'ਚ ਫੈਲੇ। 1947 ਵੇਲੇ ਹਿੰਦੂ ਸਿੱਖ ਭਾਰਤ ਵਿਚ ਚਲੇ ਗਏ ਜਿਨ੍ਹਾਂ ਵਿਚੋਂ ਜਿਹੜੇ ਰਾਜਪੂਤ ਨੇ ਉਹ ਜੰਮੂ ਦੇ ਇਲਾਕੇ ਵਿਚ ਬੈਠੇ ਤੇ ਜਿਹੜੇ ਸਿੱਖ ਸਨ ਉਹ ਪੰਜਾਬ ਚਲੇ ਗਏ। ਅੱਜ ਚਾਹੇ ਬੱਜੂ ਮੁਸਲਮਾਨ ਹੋਣ ਜਾਂ ਹਿੰਦੂ ਹੋਣ ਜਾਂ ਸਿੱਖ ਹੋਣ ਉਹ ਦੋਵਾਂ ਮੁਲਕਾਂ ਦੀਆਂ ਫ਼ੌਜਾਂ ਵਿਚ ਭਰਤੀ ਹੋ ਕੇ ਅਮਰੀਕਾ ਤੇ ਯੂਰਪ ਤੋਂ ਆਏ ਅਸਲੇ ਦਾ ਨਿਸ਼ਾਨਾ ਬਣਦੇ ਹਨ। ਕਹਿਣ ਤੋਂ ਮਤਲਬ ਜਵਾਨ ਪਲੇ ਪਲਾਏ ਬਾਜਵੇ ਪੁੱਤਰ ਨੂੰ ਬਾਜਵਾ ਮਾਰਦਾ ਹੈ। ਬਾਜੀ ਮਾਂ ਦੀ ਗੋਦ ਸੁੰਨੀ ਕਰਦਾ ਹੈ ਜਦੋਂ ਕਿ ਅਮੀਰ ਮੁਲਕ ਆਪਣਾ ਅਸਲਾ ਵੇਚਦਾ ਹੈ। ਖ਼ੁਦਾ ਜਾਣਦਾ ਹੈ ਇਹ ਭਰਾ ਮਾਰੂ ਜੰਗ ਕਦੋਂ ਤੱਕ ਜਾਰੀ ਰਹੇਗੀ। ਅਸੀਂ ਤਾਂ ਲਿਖਾਰੀ ਹਾਂ ਸਹਿਜ ਹੀ ਇਹ ਲਾਈਨਾਂ ਲਿਖ ਦਿੱਤੀਆਂ ਨੇ ਪਰ ਪੁੱਤ ਮਰੇ ਦਾ ਦਰਦ ਜੇ ਪੁੱਛਣਾ ਹੋਵੇ ਤਾਂ ਕਿਸੇ ਮਾਂ ਕੋਲੋਂ ਪੁੱਛੋ। ਕਿਸੇ ਬੱਚੇ ਕੋਲੋਂ ਪੁੱਛੋ ਜਿਸ ਦਾ ਪਿਓ ਲੜਾਈ 'ਚ ਮਾਰਿਆ ਜਾਂਦਾ ਹੈ ਜਾਂ ਕਿਸੇ ਜ਼ਨਾਨੀ ਨੂੰ ਪੁੱਛੋ ਜਿਹੜੀ ਭਰ ਜਵਾਨੀ ਵਿਚ ਵਿਧਵਾ ਹੋ ਜਾਂਦੀ ਹੈ। ਖ਼ੈਰ ਇਹ ਨਿਰੀ ਬਾਜਵਿਆਂ ਦੀ ਹੀ ਕਹਾਣੀ ਨਹੀਂ ਇਹ ਹਰ ਪੰਜਾਬੀ ਦੀ ਕਹਾਣੀ ਜੋ ਯੁੱਧ ਵੇਲੇ ਇਕ ਦੂਸਰੇ ਖਿਲਾਫ਼ ਸੀਨਾ ਤਾਣ ਕੇ ਲੜਦੇ ਹਨ।

ਇਹਦੇ ਨਾਲ ਹੀ ਜੰਮੂ ਦੇ ਥਲਲਾ ਸਿਆਲਕੋਟ ਦਾ ਜਿਹੜਾ ਇਲਾਕਾ ਹੈ ਇਸ ਨੂੰ ਸਲੈਹਰ ਕਿਹਾ ਜਾਂਦਾ ਹੈ। ਸੋ ਸਲੈਹਰ ਇਲਾਕਾ ਹੈ ਸ਼ਹਿਰ ਪਿੰਡ ਦਾ ਨਾਂਅ ਨਹੀਂ ਹੈ। ਇਸ ਵਿਚ ਚਵਿੰਡਾ ਤੇ ਜ਼ਫ਼ਰਵਾਲ ਦਾ ਇਲਾਕਾ ਆਉਂਦਾ ਹੈ। ਇਸ ਇਲਾਕੇ ਦੇ ਕੱਕੇ ਗੋਰੇ, ਲੋਕ ਖ਼ੂਬਸੂਰਤ ਹਨ ਜਿਨ੍ਹਾਂ ਨੂੰ ਸਲੈਰੀਆ ਕਿਹਾ ਜਾਂਦਾ ਹੈ। ਇਸੇ ਇਲਾਕੇ ਦੇ ਕਿਸੇ ਗੁਰਬਚਨ ਸਿੰਘ ਸਲੈਰੀਏ ਨੂੰ 1961 ਵਿਚ ਪਰਮਵੀਰ ਚੱਕਰ ਮਿਲਿਆ ਸੀ। ਚਾਹੇ ਜੱਟ ਜਾਂ ਰਾਜਪੂਤ ਸਲੈਰੀਏ ਹੀ ਕਹਾਉਂਦੇ ਹਨ। ਸੋ ਲੜਾਈ ਮੌਕੇ ਫ਼ਰਕ ਸਿਰਫ ਏਨਾ ਸੀ ਕਿ ਇਕ ਪਾਸੇ ਮੁਸਲਮਾਨ ਸਨ ਤੇ ਦੂਜੇ ਪਾਸੇ ਸਿੱਖ ਜਾਂ ਹਿੰਦੂ। ਸਨ ਭਰਾ ਭਰਾ ਹੀ।

ਚਵਿੰਡੇ ਤੋਂ ਹੋਰ ਚੜ੍ਹਦੇ ਪਾਸੇ ਜਾਈਏ ਪਸਰੂਰ ਵੱਲ ਤਾਂ ਜਿਹੜਾ ਇਲਾਕਾ ਪੈਂਦਾ ਹੈ ਇਸ ਨੂੰ ਦੜਪ ਕਿਹਾ ਜਾਂਦਾ ਹੈ। ਹੜ੍ਹਾਂ ਵੇਲੇ ਦਰਿਆ ਜਿਹੜੀ ਜਰਖੇਜ਼ ਭਲ੍ਹ ਲੈ ਕੇ ਆਉਂਦੇ ਹਨ ਉਨੂੰ ਦੜਪ ਕਿਹਾ ਜਾਂਦਾ ਹੈ। ਇਲਾਕੇ ਵਿਚ ਕਾਫੀ ਨਦੀਆਂ ਨਾਲੇ ਹਨ। ਵਸਨੀਕਾਂ ਨੂੰ ਦਿੜਬੀਏ ਕਿਹਾ ਜਾਂਦਾ ਹੈ। ਮਸ਼ਹੂਰ ਹੈ ਕਿ ਇਸ ਇਲਾਕੇ ਦੇ ਲੋਕ ਸੂਟ ਖਾਂਦੇ ਸਨ। ਮਤਲਬ ਦਾਲ ਵੀ ਮਸਰਾਂ ਦੀ 'ਤੇ ਰੋਟੀ ਵੀ ਮਸਰਾਂ ਦੀ।

ਇਸ ਤੋਂ ਹੋਰ ਪੂਰਬ ਵੱਲ ਜਿਹੜਾ ਇਲਾਕਾ ਪੈਂਦਾ ਹੈ ਉਨੂੰ ਕਾਲਰ ਕਿਹਾ ਜਾਂਦਾ ਹੈ ਕਿਸੇ ਵੇਲੇ ਸ਼ੋਰ ਕੱਲਰ ਹੁੰਦਾ ਸੀ। ਪਰ ਹੁਣ ਨਹਿਰਾਂ ਦੇ ਆਉਣ ਨਾਲ ਇਲਾਕਾ ਉਪਜਾਊ ਹੋ ਗਿਆ ਹੈ। ਸ਼ਹਿਰ ਪੈਂਦਾ ਕਿਲ੍ਹਾ ਕਾਲਰ ਵਾਲਾ। ਇਲਾਕੇ ਦੇ ਲੋਕ ਬੜੇ ਲੜਾਕੇ ਗਿਣੇ ਗਏ ਨੇ ਜਿਨ੍ਹਾਂ ਨੂੰ ਕਾਲਰੀਏ ਕਿਹਾ ਜਾਂਦਾ ਹੈ।

ਇਸੇ ਹੀ ਇਲਾਕੇ ਵਿਚ ਪਿੰਡ ਆਧੀਆਂ ਹੈ ਜਿਥੋਂ ਦਾ ਸਾਡਾ ਇਕ ਸੱਜਣ ਬ੍ਰਿਗੇਡੀਅਰ ਜ਼ੁਲਫ਼ਕਾਰ ਢਿੱਲੋਂ ਹੋਇਆ ਹੈ। ਫਿਰ ਨਾਲ ਲਗਦੇ ਪਿੰਡ ਖੱਖ ਤੋਂ ਉਠ ਕੇ ਆਏ ਇਕ ਸਿੱਖ ਕਰਨਲ ਬਲਰਾਜ ਸਿੰਘ ਘੁੰਮਣ ਵੀ ਮੇਰੇ ਸੰਪਰਕ ਵਿਚ ਸਨ। ਉਨ੍ਹਾਂ ਦੀ ਪਤਨੀ ਨਾਲ ਲਗਦੇ ਪਿੰਡ ਢਿੱਲੀ ਤੋਂ ਹੈ। ਮੈਨੂੰ ਯਾਦ ਹੈ ਇਕ ਵੇਰਾਂ ਮੈਂ ਕਰਨਲ ਚੰਨਣ ਸਿੰਘ ਢਿੱਲੋਂ ਨਾਲ ਗੱਲ ਕਰ ਰਿਹਾ ਸੀ ਤਾਂ ਮੈਂ ਉਨ੍ਹਾਂ ਨੂੰ ਪਾਕਿਸਤਾਨ ਆਉਣ ਦਾ ਨਿਉਤਾ ਦਿੱਤਾ ਤੇ ਕਿਹਾ ਕਿ ਆਓ ਮੈਂ ਤੁਹਾਨੂੰ ਤੁਹਾਡੇ ਭਰਾ ਬ੍ਰਿਗੇਡੀਅਰ ਜ਼ੁਲਫ਼ਕਾਰ ਢਿੱਲੋਂ (ਸਾਬਕਾ ਸਿਹਤ ਮੰਤਰੀ) ਨਾਲ ਮਿਲਾਵਾਂ। ਉਨ੍ਹਾਂ ਹਉਕਾ ਲੈ ਕੇ ਕਿਹਾ, 'ਨਹੀਂ ਮੁਸਤਫ਼ਾ, ਅਸੀਂ ਫ਼ੌਜੀ ਲੋਕ ਜਦੋਂ ਮਿਲਦੇ ਹਾਂ ਸਾਨੂੰ ਕਿਸੇ ਯੁੱਧ ਵਿਚ ਦੀ ਗੁਜ਼ਰਨਾ ਪੈਂਦਾ ਹੈ¢ ਲੋਕਾਂ ਨੂੰ ਪਤਾ ਨਹੀਂ ਕਿ ਲੜਾਈ ਤੋਂ ਬਾਅਦ ਦੋਵਾਂ ਪਾਸਿਆਂ ਦੇ ਫ਼ੌਜੀ ਅਫ਼ਸਰ ਜੱਫੀਆਂ ਪਾ ਪਾ ਮਿਲਦੇ ਹਨ। ਫ਼ੌਜੀਆਂ ਦੀ ਮਿਲਣੀ ਦੀ ਇਹੋ ਵਿਡੰਬਨਾ ਹੈ।'

ਅਫ਼ਸੋਸ ਨਾਲ ਲਿਖ ਰਿਹਾ ਹਾਂ ਕਿ ਅੱਜ ਦੋਵੇਂ ਢਿੱਲੋਂ ਭਰਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ ਹਨ ਬਿਨਾਂ ਇਕ-ਦੂਸਰੇ ਨੂੰ ਮਿਲੇ।

ਹੋਰ ਚੜ੍ਹਦੇ ਪਾਸੇ ਫਿਰ ਡੁਗਰ ਦਾ ਇਲਾਕਾ ਆਉਂਦਾ ਹੈ। ਨਾਰੋਵਾਲ ਦਾ ਚੜ੍ਹਦਾ ਪਾਸਾ, ਜੰਮੂ ਦਾ ਥਲਲਾ ਤੇ ਗੁਰਦਾਸਪੁਰ। ਜਿਹੜਾ ਇਲਾਕਾ ਪਹਾੜਾਂ ਦੇ ਪੈਰਾਂ ਵਿਚ ਪਏ ਜਿਥੇ ਤੇਜ਼ੀ ਨਾਲ ਚੋਅ ਵਹਿੰਦੇ ਹਨ ਤੇ ਇਲਾਕਾ ਉੱਚਾ ਨੀਵਾਂ ਕਰ ਦਿੰਦੇ ਹਨ, ਉਨ੍ਹੰ ਡੁਗਰ ਕਿਹਾ ਜਾਂਦਾ ਹੈ ਤੇ ਵਸਨੀਕਾਂ ਨੂੰ ਡੋਗਰੇ। ਕੁਦਰਤੀ ਇਨ੍ਹਾਂ ਦੀ ਜ਼ਬਾਨ ਡੋਗਰੀ ਵੀ ਥੋੜ੍ਹੀ ਵੱਖਰੀ ਹੀ ਹੈ। ਇਸ ਇਲਾਕੇ ਦੇ ਰਾਜਪੂਤਾਂ ਨੂੰ ਵੀ ਡੋਗਰੇ ਹੀ ਕਿਹਾ ਜਾਂਦਾ ਹੈ ਭਾਵੇਂ ਕਿ ਉਨ੍ਹਾਂ ਦਾ ਮੂਲ ਇਲਾਕਾ ਰਾਜਸਥਾਨ ਹੈ।



ਦਰਿਆ ਰਾਵੀ ਦੇ ਨਾਲ ਨਾਲ ਲਗਦੇ ਇਲਾਕੇ ਨੂੰ ਬੇਟ ਕਹਿੰਦੇ ਹਨ। ਵਸਨੀਕ ਬੇਟੀਏ ਕਹਾਉਂਦੇ ਹਨ।

ਫਿਰ ਲਾਹੌਰ ਤੋਂ ਚੜ੍ਹਦੇ ਤੇ ਦੱਖਣ ਦਾ ਜਿਹੜਾ ਇਲਾਕਾ ਇਹ ਮਾਝੇ ਦਾ ਇਲਾਕਾ ਕਹਾਉਂਦਾ ਹੈ। ਇਸ ਨੂੰ ਕਈ ਲੋਕਾਂ ਮਾਂਝਾ ਵੀ ਲਿਖ ਦਿੰਦੇ ਨੇ। ਇਥੋਂ ਦੇ ਲੋਕ ਬਹੁਤ ਡਾਹਢੇ ਦਲੇਰ ਗਿਣੇ ਗਏ ਹਨ। ਆਹ ਕੱਲ੍ਹ ਪਰਸੋਂ ਹੀ ਮੈਂ ਖ਼ਬਰ ਪੜ੍ਹ ਰਿਹਾ ਸੀ। ਕਸੂਰ ਲਾਗੇ ਕੋਈ ਦੋਧੀ ਦੁੱਧ ਲੈ ਕੇ ਜਾ ਰਿਹਾ ਸੀ ਤੇ ਗਲ ਵਿਚ ਪਿਸਤੌਲ ਪਾਈ ਹੋਈ ਸੀ। ਇਕ ਪੁਲਸੀਏ ਦੀ ਨਿਗਾਹ ਪੈ ਗਈ। ਉਸ ਰੋਕ ਕੇ ਲਾਇਸੈਂਸ ਦੀ ਮੰਗ ਕੀਤੀ। ਦੋਧੀ ਨੇ ਬਖਸ਼ ਦੇਣ ਦਾ ਵਾਸਤਾ ਪਾਇਆ। ਪਰ ਪੁਲਿਸ ਵਾਲਾ ਕੁਝ ਮੁੱਠ ਨਿੱਘੀ ਕਰਨਾ ਚਾਹੁੰਦਾ ਸੀ। ਦੋਧੀ ਝੜਨ ਨੂੰ ਤਿਆਰ ਨਹੀਂ ਸੀ। ਤਕਰਾਰ ਹੋਈ ਤੇ ਦੋਧੀ ਨੇ ਗੋਲੀ ਮਾਰ ਪੁਲਿਸ ਇੰਸਪੈਕਟਰ ਮਾਰ ਦਿੱਤਾ।

ਇਸੇ ਤਰ੍ਹਾਂ ਬਾਗੜ ਦਾ ਇਲਾਕਾ ਜਿਥੋਂ ਦੇ ਲੋਕ ਬਾਗੜੀਏ ਕਹਾਉਂਦੇ ਨੇ। ਇਹ ਅਸਲ ਵਿਚ ਪੂਰਬੀ ਪੰਜਾਬ, ਹਰਿਆਣੇ ਤੇ ਰਾਜਸਥਾਨ ਭਾਵ ਹਿਸਾਰ, ਸਿਰਸਾ, ਫ਼ਤਿਆਬਾਦ, ਭਿਵਾਨੀ, ਹਨੂਮਾਨਗੜ੍ਹ, ਸ੍ਰੀਗੰਗਾਨਗਰ, ਆਦਿ ਤੇ ਥੋੜ੍ਹਾ ਜਿਹਾ ਇਲਾਕਾ ਬਹਾਵਲਪੁਰ ਪਾਕਿਸਤਾਨ ਦਾ ਵੀ ਇਸ ਵਿਚ ਆਉਂਦਾ ਹੈ। ਲਾਹੌਰ ਵਿਚ ਇਕ ਪਿੰਡ ਆ ਚੁੱਕਾ ਹੈ ਡਿਫੈਂਸ ਦੇ ਇਲਾਕੇ ਵਿਚ ਜਿਹਦਾ ਨਾਂਅ ਹੈ ਬਾਗੜੀਆਂ।

ਕਾਫੀ ਅੱਗੇ ਜਾ ਕੇ ਮੈਵਾਤ ਦਾ ਇਲਾਕਾ ਪੈਂਦਾ ਹੈ। ਵਸਨੀਕ ਮਿਓ ਕਹਾਉਂਦੇ ਨੇ ਤੇ ਸਾਰੇ ਮੁਸਲਮਾਨ ਹਨ। ਕੁਝ ਪਾਕਿਸਤਾਨ ਆ ਗਏ ਨੇ ਤੇ ਕੁਝ ਓਧਰ ਹੀ ਰਹਿੰਦੇ ਹਨ। ਸੋ ਜੋ ਵੀ ਉਸ ਇਲਾਕੇ ਦਾ ਹੋਵੇ ਉਹਨੂੰ ਮੇਓ ਕਹਿੰਦੇ ਨੇ ਭਾਵੇਂ ਮੁਸਲਮਾਨ ਹੋਵੇ ਭਾਵੇਂ ਹਿੰਦੂ ਤੇ ਭਾਵੇਂ ਕੋਈ ਵੀ ਜਾਤ ਗੋਤ ਦਾ ਹੋਵੇ।

# ਮੁਕਾਬਲੇ ਦੌਰਾਨ ਮੇਰੀ ਜਾਨ ਵੀ ਜਾ ਸਕਦੀ ਸੀ : ਓ.ਪੀ. ਜੈਸ਼ਾ

ਮੈਰਾਥਨ ਦੌੜਾਕ ਓ.ਪੀ. ਜੈਸ਼ਾ ਨੇ ਉਨ੍ਹਾਂ ਦੇ ਮੁਕਾਬਲੇ ਦੌਰਾਨ ਬੇਹੱਦ ਗਰਮੀ ਦੇ ਬਾਵਜੂਦ ਅਧਿਕਾਰੀਆਂ ਦੇ ਪਾਣੀ ਜਾਂ ਐਨਰਜੀ ਡ੍ਰਿੰਕ ਮੁਹੱਈਆ ਨਾ ਕਰਵਾਉਣ ਤੇ ਕਿਹਾ ਕਿ ਉਥੇ ਕਾਫ਼ੀ ਗਰਮੀ ਸੀ। ਮੁਕਾਬਲਾ ਸਵੇਰੇ ਨੌਂ ਵਜੇ ਸੀ, ਮੈਂ ਤੇਜ਼ ਗਰਮੀ ਵਿਚ ਦੌੜੀ। ਸਾਡੇ ਲਈ ਕੋਈ ਪਾਣੀ ਨਹੀਂ ਸੀ, ਨਾ ਹੀ ਕੋਈ ਐਨਰਜੀ ਡ੍ਰਿੰਕ ਸੀ ਅਤੇ ਨਾ ਹੀ ਕੋਈ ਖਾਣਾ। ਸਿਰਫ਼ ਇਕ ਵਾਰ ਅੱਠ ਕਿਲੋਮੀਟਰ ਵਿਚ ਗੀਉ ਪ੍ਰਬੰਧਕਾਂ ਤੋਂ ਮੈਨੂੰ ਪਾਣੀ ਮਿਲਿਆ, ਜਿਸ ਤੋਂ ਕੋਈ ਮਦਦ ਨਹੀਂ ਮਿਲੀ। ਸਮੁੱਚੇ ਦੇਸ਼ਾਂ ਦੇ ਹਰ ਦੋ ਕਿਲੋਮੀਟਰ 'ਤੇ ਆਪਣੇ ਸਟਾਲ ਸਨ, ਪਰ ਸਾਡੇ ਦੇਸ਼ ਦਾ ਸਟਾਲ ਖ਼ਾਲੀ ਸੀ। ਉਸ 'ਤੇ ਸਿਰਫ਼ ਤਿਰੰਗੇ ਲਗਾਏ ਹੋਏ ਸਨ।" ਜੈਸ਼ਾ ਫ਼ਿਨਿਸ਼ ਲਾਈਨ 'ਤੇ ਮੈਰਾਥਨ ਪੂਰੀ ਕਰਨ ਤੋਂ ਬਾਅਦ ਬੇਹੋਸ਼ ਹੋ ਕੇ ਡਿੱਗ ਗਈ ਸੀ ਅਤੇ ਉਨ੍ਹਾਂ ਨੂੰ ਹਸਪਤਾਲ ਲਿਜਾਣਾ ਪਿਆ, ਜਿਥੇ ਉਸ ਦੇ ਗੁਲੂਕੋਜ਼ ਲਗਾਇਆ ਗਿਆ।"







ਇਸ ਦੌਰਾਨ ਜੈਸਾ ਦੇ ਕੋਚ ਨਿਕੋਲਈ ਸਤ੍ਰੇਸਾਰੇਵ ਦੀ ਇਕ ਡਾਕਟਰ ਨਾਲ ਬਹਿਸ ਹੋ ਗਈ ਅਤੇ ਫਿਰ ਉਨ੍ਹਾਂ ਨੂੰ ਸਥਾਨਕ ਪੁਲੀਸ ਨੇ ਅੱਧੇ ਦਿਨ ਲਈ ਹਿਰਾਸਤ ਵਿਚ ਲਿਆ। ਜੈਸ਼ਾ ਨੇ ਹੋਸ਼ ਵਿਚ ਆਉਣ ਤੋਂ ਬਾਅਦ ਕਿਹਾ, "ਮੇਰੀ ਜਾਨ ਵੀ ਜਾ ਸਕਦੀ ਸੀ।" ਇਸ ਦੌੜਾਕ ਨੇ ਕਿਹਾ ਕਿ ਉਸ ਨੇ ਜਦੋਂ ਸਟਾਲ 'ਤੇ ਪੁਛਿਆ ਕਿ ਉਸ ਨੂੰ ਪਾਣੀ ਕਿਉਂ ਨਹੀਂ ਦਿਤਾ ਗਿਆ ਤਾਂ ਅਧਿਕਾਰੀਆਂ ਕੋਲ ਕੋਈ ਜਵਾਬ ਨਹੀਂ ਸੀ।

**ਸਦੀਵੀ ਵਿਛੋੜੇ ’ਤੇ ਵਿਸ਼ੇਸ਼**

# ਪੰਜਾਬੀ ਅਦਬ ਦਾ ਇਕ ਯੁੱਗ ਸਨ ਗੁਰਦਿਆਲ ਸਿੰਘ

**ਹਰਮੇਲ ਪਰੀਤ ਜੈਤੋ**

> **“ਗੁਰਦਿਆਲ ਸਿੰਘ ਦੀ ਵਡੇਰੀ ਸਾਹਿਤਕ ਘਾਲਣਾ ਬਦਲੇ ਉਨ੍ਹਾਂ ਨੂੰ ਅਨੇਕ ਸਨਮਾਨ ਹਾਸਲ ਹੋਏ। ਸਗੋਂ ਸਾਹਿਤ ਦਾ ਸਭ ਤੋਂ ਸ੍ਰੇਸ਼ਠ ਪੁਰਸਕਾਰ ਗਿਆਨਪੀਠ ਹਾਸਲ ਕਰਨ ਵਾਲੇ ਉਹ ਪੰਜਾਬੀ ਦੇ ਦੂਜੇ ਅਤੇ ਪੰਜਾਬ ਦੇ ਵਾਹਦ ਲੇਖਕ ਬਣੇ। ਉਨ੍ਹਾਂ ਤੋਂ ਪਹਿਲਾਂ ਇਹ ਮਾਣ ਦਿੱਲੀ ਰਹਿੰਦੀ ਪੰਜਾਬੀ ਲੇਖਕਾ ਅੰਮ੍ਰਿਤਾ ਪ੍ਰੀਤਮ ਦੇ ਹਿੱਸੇ ਆਇਆ ਸੀ। ਇਸ ਤੋਂ ਇਲਾਵਾ ਭਾਰਤ ਸਰਕਾਰ ਨੇ ਉਨ੍ਹਾਂ ਨੂੰ 1998 ਵਿਚ ਪਦਮਸ੍ਰੀ ਦੇ ਖਿਤਾਬ ਨਾਲ ਵੀ ਸਨਮਾਨਿਆ। 1975 ਵਿਚ ਉਨ੍ਹਾਂ ਨੂੰ ‘ਅੱਧ ਚਾਨਣੀ ਰਾਤ’ ਬਦਲੇ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ, ਇਸੇ ਸਾਲ ਨਾਨਕ ਸਿੰਘ ਐਵਾਰਡ, 1986 ਵਿਚ ਸੋਵੀਅਤ ਲੈਂਡ ਨਹਿਰੂ ਪੁਰਸਕਾਰ ਮਿਲਿਆ ਅਤੇ 2015 ਵਿਚ ਉਨ੍ਹਾਂ ਦਾ ਨਾਂਅ ਲਿਮਕਾ ਬੁੱਕ ਵਿਚ ਦਰਜ ਹੋਇਆ। ਇਸ ਤੋਂ ਇਲਾਵਾ ਭਾਸ਼ਾ ਵਿਭਾਗ ਵੱਲੋਂ ਕਈ ਸਨਮਾਨ ਉਨ੍ਹਾਂ ਦੀ ਝੋਲੀ ਪਏ।”**



ਫ਼ਰੀਦਕੋਟ ਜ਼ਿਲ੍ਹੇ ਦੀ ਛੋਟੀ ਜਿਹੀ ਮੰਡੀ ਜੈਤੋ ਦੀ ਕੌਮਾਂਤਰੀ ਪ੍ਰਸਿੱਧੀ ਵਿਚ ਜਿਹੜੇ ਕਾਰਨਾਂ ਦਾ ਯੋਗਦਾਨ ਹੈ, ਉਨ੍ਹਾਂ ਵਿਚ ਪਦਮਸ੍ਰੀ ਪ੍ਰੋ: ਗੁਰਦਿਆਲ ਸਿੰਘ ਦੀ ਅਦਬੀ ਦੇਣ ਪੇਸ਼-ਪੇਸ਼ ਹੈ। ਗੁਰਦਿਆਲ ਸਿੰਘ ਪੰਜਾਬੀ ਨਾਵਲਨਿਗਾਰੀ ਦਾ ਇਕ ਯੁੱਗ ਸੀ, ਜਿਸ ਦਾ ਅੰਤ ਹੋ ਗਿਆ। ਉਹ ਪਿਛਲੇ ਕੁਝ ਅਰਸੇ ਤੋਂ ਬਿਮਾਰ ਚਲੇ ਆ ਰਹੇ ਸਨ। ਇਸੇ ਦੌਰਾਨ ਪਿਛਲੇ ਦਿਨੀਂ ਆਪਣੇ ਘਰ ਵਿਚ ਡਿਗ ਪੈਣ ਕਾਰਨ ਉਨ੍ਹਾਂ ਦਾ ਚੂਲ੍ਹਾ ਟੁੱਟ ਗਿਆ ਸੀ ਅਤੇ ਪਿਛਲੇ ਦਿਨੀਂ ਉਹ ਇਸ ਸੰਸਾਰ ਤੋਂ ਰੁਖ਼ਸਤ ਹੋ ਗਏ।

10 ਜਨਵਰੀ 1933 ਨੂੰ ਆਪਣੇ ਨਾਨਕਾ ਪਿੰਡ ਭੈਣੀ ਫੱਤਾ ਵਿਖੇ ਪਿਤਾ ਜਗਤ ਸਿੰਘ ਤੇ ਮਾਤਾ ਨਿਹਾਲ ਕੌਰ ਦੀ ਪਰਿਵਾਰਕ ਫੁਲਵਾੜੀ ਨੂੰ ਮਹਿਕਾਉਣ ਵਾਲੇ ਗੁਰਦਿਆਲ ਸਿੰਘ ਦੀਆਂ ਲਿਖਤਾਂ ਸਮਾਜ ਦੇ ਦੱਬੇ-ਕੁਚਲੇ/ਅਣਹੋਏ ਬਸ਼ਰਾਂ ਦੀ ਜੀਵਨ-ਗਾਥਾ ਬਿਆਨਦੀਆਂ ਹਨ। ਨਿੱਜੀ ਜ਼ਿੰਦਗੀ ਵਿਚ ਉਨ੍ਹਾਂ ਪੈਰਾਂ ਸਿਰ ਖੜ੍ਹੇ ਹੋਣ ਲਈ ਖਾਸੀ ਘਾਲਣਾ ਘਾਲੀ। ਘਰੇਲੂ ਮਜਬੂਰੀ ਕਾਰਨ ਬਚਪਨ ਵਿਚ ਪੜ੍ਹਾਈ ਛੱਡ ਕੇ ਪੁਸ਼ਤੈਨੀ ਲੱਕੜ ਦੇ ਕੰਮ ਵਿਚ ਲੱਗਣਾ ਪਿਆ। ਮਗਰੋਂ ਅਧਿਆਪਕ ਮਦਨ ਮੋਹਨ ਦੀ ਪ੍ਰੇਰਨਾ ਤੇ ਮਾਰਗ ਦਰਸ਼ਨ ਨਾਲ ਗੁਰਦਿਆਲ ਸਿੰਘ ਨੇ ਪੜ੍ਹਾਈ ਮੁੜ ਸ਼ੁਰੂ ਕੀਤੀ। ਗਿਆਨੀ ਕਰਕੇ ਮਾਸਟਰ ਬਣੇ ਅਤੇ ਪੰਜਾਬੀ ਯੂਨੀਵਰਸਿਟੀ ਦੇ ਖੇਤਰੀ ਕੇਂਦਰ ਵਿਚ ਰੀਡਰ ਬਣੇ ਅਤੇ 1995 ਵਿਚ ਪ੍ਰੋਫੈਸਰ ਵਜੋਂ ਸੇਵਾ-ਮੁਕਤ ਹੋਏ।

ਜਿਸਮਾਨੀ ਤੌਰ ’ਤੇ ਗੁਰਦਿਆਲ ਸਿੰਘ ਹਮੇਸ਼ਾ ਹੀ ਮਾੜਚੂ ਜਿਹੇ ਰਹੇ ਪਰ ਤੀਖਣ ਬੁੱਧੀ ਪੱਖੋਂ ਬੇਹੱਦ ਬਲਵਾਨ ਸਨ। ਉਨ੍ਹਾਂ ਦੇ ਸਾਹਿਤਕ ਸਫ਼ਰ ਦਾ ਆਰੰਭ 1957 ਵਿਚ ਪ੍ਰੋ: ਮੋਹਨ ਸਿੰਘ ਦੇ ਰਸਾਲੇ ‘ਪੰਜ ਦਰਿਆ’ ਵਿਚ ਛਪੀ ਕਹਾਣੀ ‘ਭਾਗਾਂ ਵਾਲੇ’ ਨਾਲ ਹੋਇਆ। ਸਾਲ 1964 ਵਿਚ ਉਨ੍ਹਾਂ ਦਾ ਪਲੇਠਾ ਨਾਵਲ ‘ਮੜ੍ਹੀ ਦਾ ਦੀਵਾ’ ਛਪਿਆ ਤੇ ਇਸੇ ਨਾਵਲ ਨਾਲ ਉਹ ਪੰਜਾਬੀ ਨਾਵਲਨਿਗਾਰੀ ਦੀ ਨਿੱਗਰ ਸੰਭਾਵਨਾ ਬਣ ਕੇ ਉੱਭਰੇ। ਇਸੇ ਨਾਵਲ ਉਤੇ ਬਣੀ ਫ਼ਿਲਮ ਨੂੰ ਵੀ ਕੌਮੀ ਪੁਰਸਕਾਰ ਮਿਲਿਆ। ਮਗਰੋਂ ਉਨ੍ਹਾਂ ਦੇ ਇਕ ਹੋਰ ਨਾਵਲ ‘ਅੰਨ੍ਹੇ ਘੋੜੇ ਦਾ ਦਾਨ’ ’ਤੇ ਵੀ ਨੌਜਵਾਨ ਨਿਰਦੇਸ਼ਕ ਗੁਰਵਿੰਦਰ ਸਿੰਘ ਨੇ ਫ਼ਿਲਮ ਬਣਾਈ।

ਆਪਣੇ ਅਦਬੀ ਸਫ਼ਰ ਵਿਚ ਗੁਰਦਿਆਲ ਸਿੰਘ ਨੇ ਦਸ ਨਾਵਲ ਮੜ੍ਹੀ ਦਾ ਦੀਵਾ, ਅਣਹੋਏ, ਰੇਤੇ ਦੀ ਇਕ ਮੁੱਠੀ, ਕੁਵੇਲਾ, ਅੱਧ ਚਾਨਣੀ ਰਾਤ, ਆਥਣ ਉੱਗਣ, ਅੰਨ੍ਹੇ ਘੋੜੇ ਦਾ ਦਾਨ, ਪਹੁ ਫੁਟਾਲੇ ਤੋਂ ਪਹਿਲਾਂ, ਪਰਸਾ ਅਤੇ ਆਹਣ ਲਿਖੇ। ਕੋਈ ਏਨੇ ਕੁ ਹੀ ਕਹਾਣੀ ਸੰਗ੍ਰਹਿ ਵੀ ਉਨ੍ਹਾਂ ਅਦਬੀ ਪਾਠਕਾਂ ਦੀ ਝੋਲੀ ਪਾਏ, ਜਿਨ੍ਹਾਂ ਵਿਚ ਸੱਗੀ ਫੁੱਲ, ਚੰਨ ਦਾ ਬੂਟਾ, ਓਪਰਾ ਘਰ, ਕੁੱਤਾ ਤੇ ਆਦਮੀ, ਮਸਤੀ ਬੋਤਾ, ਰੁੱਖੇ ਮਿੱਸੇ ਬੰਦੇ, ਬੇਗਾਨਾ ਪਿੰਡ, ਪੱਕਾ ਟਿਕਾਣਾ, ਕਰੀਰ ਦੀ ਢਿੰਗਰੀ, ਮੇਰੀਆਂ ਚੋਣਵੀਆਂ ਕਹਾਣੀਆਂ ਤੇ

ਮੇਰੀ ਪ੍ਰਤੀਨਿਧ ਰਚਨਾ ਸ਼ਾਮਿਲ ਹਨ। ਗੁਰਦਿਆਲ ਸਿੰਘ ਨੇ ਤਿੰਨ ਨਾਟਕ 'ਫ਼ਰੀਦਾ ਰਾਤੀਂ ਵੱਡੀਆਂ', 'ਵਿਦਾਇਗੀ ਤੋਂ ਪਿੱਛੋਂ' ਤੇ 'ਨਿੱਕੀ ਮੋਟੀ ਗੱਲ' ਵੀ ਲਿਖੇ। ਗੁਰਦਿਆਲ ਸਿੰਘ ਨੇ ਪ੍ਰੌੜ੍ਹ ਪਾਠਕਾਂ ਦੇ ਨਾਲ-ਨਾਲ ਬੱਚਿਆਂ ਲਈ ਉਚੇਚੇ ਤੌਰ 'ਤੇ ਲਿਖਿਆ। ਬਾਲ ਸਾਹਿਤ ਵਿਚ ਉਨ੍ਹਾਂ ਨੇ 'ਬਕਲਮ ਖੁਦ', 'ਟੁੱਕ ਖੋਹ ਲਏ ਕਾਵਾਂ', 'ਲਿਖਤੁਮ ਬਾਬਾ ਖੇਮਾ', 'ਗੱਪੀਆਂ ਦਾ ਪਿਉ', 'ਮਹਾਂਭਾਰਤ', 'ਧਰਤ ਸੁਹਾਵੀ', 'ਤਿੰਨ ਕਦਮ ਧਰਤੀ', 'ਖੱਟੇ ਮਿੱਠੇ ਲੋਕ', 'ਕਾਲੂ ਕੌਤਕੀ', 'ਜੀਵਨ ਦਾਤੀ ਗੰਗਾ' ਭਾਗ ਪਹਿਲਾ ਅਤੇ ਦੂਜਾ ਆਦਿ ਕਿਤਾਬਾਂ ਦੀ ਰਚਨਾ ਕੀਤੀ। ਮੌਲਕ ਲੇਖਣ ਦੇ ਨਾਲ-ਨਾਲ ਗੁਰਦਿਆਲ ਸਿੰਘ ਨੇ ਹੋਰ ਜ਼ਬਾਨਾਂ ਤੋਂ ਚੰਗੇਰਾ ਸਾਹਿਤ ਅਨੁਵਾਦ ਵੀ ਕੀਤਾ। ਅਨੁਵਾਦ ਦਿਆਂ ਪੰਜਾਂ ਕਿਤਾਬਾਂ ਗੋਰਕੀ ਦੀ ਮੇਰਾ ਬਚਪਨ, ਭਗਵਤੀ ਚਰਨ ਵਰਮਾ ਦੀ ਭੁੱਲੇ ਵਿੱਸਰੇ, ਵਰਿੰਦਾਵਨ ਲਾਲ ਸ਼ਰਮਾ ਦੀ ਮ੍ਰਿਗਨੈਣੀ, ਕ੍ਰਿਸ਼ਨਾ ਸੋਬਤੀ ਦਾ ਜ਼ਿੰਦਗੀਨਾਮਾ ਅਤੇ ਸ਼ਰਤ ਚੰਦਰ ਦਾ ਬਿਰਾਜ ਬਹੂ ਹਨ। ਵਾਰਤਕ ਵਿਚ ਗੁਰਦਿਆਲ ਸਿੰਘ ਨੇ ਪੰਜਾਬ ਦੇ ਮੇਲੇ ਅਤੇ ਤਿਉਹਾਰ, ਦੁਖੀਆ ਦਾਸ ਕਬੀਰ ਹੈ, ਸਤਯੁਗ ਦੇ ਆਉਣ ਤੱਕ, ਡਗਮਗ ਛਾਡਿ ਰੇ ਮਨ ਬਉਰਾ, ਲੇਖਕ ਦਾ ਅਨੁਭਵ ਤੇ ਸਿਰਜਣ ਪ੍ਰਕਿਰਿਆ ਤੇ ਬੰਬਈ ਸ਼ਹਿਰ ਕਹਿਰ ਸਵਾ ਪਹਿਰ ਤੋਂ ਇਲਾਵਾ ਆਪਣੀ ਆਤਮਕਥਾ ਵੀ ਲਿਖੀ, ਜਿਸ ਦਾ ਪਹਿਲਾ ਭਾਗ 'ਨਿਆਣ ਮੱਤੀਆਂ' ਤੇ ਦੂਜਾ ਭਾਗ 'ਦੂਜੀ ਦੇਹੀ' ਦੇ ਅਨੁਵਾਨ ਹੇਠ ਛਪਿਆ ਹੈ। ਗੁਰਦਿਆਲ ਸਿੰਘ ਨੂੰ ਨਿਰਸੰਦੇਹ ਪੰਜਾਬੀ ਦਾ ਵੱਡਾ ਨਾਵਲਕਾਰ ਮੰਨਿਆ ਗਿਆ ਹੈ। ਗੁਰਦਿਆਲ ਸਿੰਘ ਸਿਰਜਣ ਪ੍ਰਕਿਰਿਆ ਵਿਚ ਬੜਾ ਸਹਿਜ ਸੀ। ਉਨ੍ਹਾਂ ਦੇ ਨਾਵਲਾਂ ਵਿਚ 10 ਜਾਂ ਪੰਦਰਾਂ ਸਾਲਾਂ ਦਾ ਵਕਫ਼ਾ ਰਿਹਾ ਹੈ। ਉਹ ਇਕ-ਇਕ ਨਾਵਲ ਉਤੇ ਕਈ-ਕਈ ਵਰ੍ਹੇ ਕੰਮ ਕਰਦੇ। ਉਨ੍ਹਾਂ ਦੀ ਭਾਸ਼ਾ, ਬੋਲੀ ਵਿਚ ਬੇਹੱਦ ਠਹਿਰਾਅ ਸੀ। ਉਹ ਹੌਲੀ ਆਵਾਜ਼ ਵਿਚ ਬੋਲਦੇ। ਉਨ੍ਹਾਂ ਦਾ ਕਹਿਣਾ ਸੀ ਕਿ ਸਿਰਫ਼ ਗਿਣਾਤਮਕ ਪੱਖੋਂ ਹੀ ਕਾਗਜ਼ ਕਾਲੇ ਕਰੀ ਜਾਓ, ਉਸ ਦਾ ਕੋਈ ਫਾਇਦਾ ਨਹੀਂ। ਉਦੋਂ ਲਿਖੋ ਜਦੋਂ ਤੁਹਾਡੇ ਕੋਲ ਕਹਿਣ ਲਈ ਕੁਝ ਨਵਾਂ ਹੋਵੇ। ਗੁਰਦਿਆਲ ਸਿੰਘ ਸਾਹਿਤਕ ਰਚਨਾਵਾਂ ਦੇ ਨਾਲ-ਨਾਲ ਚਲੰਤ ਮਾਮਲਿਆਂ 'ਤੇ ਵੀ ਅਖ਼ਬਾਰਾਂ ਵਿਚ ਲਿਖ ਕੇ ਅਵਾਮ ਨੂੰ ਸੁਚੇਤ ਕਰਦੇ ਰਹੇ।

ਗੁਰਦਿਆਲ ਸਿੰਘ ਦੀ ਵਡੇਰੀ ਸਾਹਿਤਕ ਘਾਲਣਾ ਬਦਲੇ ਉਨ੍ਹਾਂ ਨੂੰ ਅਨੇਕ ਸਨਮਾਨ ਹਾਸਲ ਹੋਏ। ਸਗੋਂ ਸਾਹਿਤ ਦਾ ਸਭ ਤੋਂ ਸ੍ਰੇਸ਼ਠ ਪੁਰਸਕਾਰ ਗਿਆਨਪੀਠ ਹਾਸਲ ਕਰਨ ਵਾਲੇ ਉਹ ਪੰਜਾਬੀ ਦੇ ਦੂਜੇ ਅਤੇ ਪੰਜਾਬ ਦੇ ਵਾਹਦ ਲੇਖਕ ਬਣੇ। ਉਨ੍ਹਾਂ ਤੋਂ ਪਹਿਲਾਂ ਇਹ ਮਾਣ ਦਿੱਲੀ ਰਹਿੰਦੀ ਪੰਜਾਬੀ ਲੇਖਕਾ ਅੰਮ੍ਰਿਤਾ ਪ੍ਰੀਤਮ ਦੇ ਹਿੱਸੇ ਆਇਆ ਸੀ। ਇਸ ਤੋਂ ਇਲਾਵਾ ਭਾਰਤ ਸਰਕਾਰ ਨੇ ਉਨ੍ਹਾਂ ਨੂੰ 1998 ਵਿਚ ਪਦਮਸ਼੍ਰੀ ਦੇ ਖਿਤਾਬ ਨਾਲ ਵੀ ਸਨਮਾਨਿਆ। 1975 ਵਿਚ ਉਨ੍ਹਾਂ ਨੂੰ 'ਅੱਧ ਚਾਨਣੀ ਰਾਤ' ਬਦਲੇ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ, ਇਸੇ ਸਾਲ ਨਾਨਕ ਸਿੰਘ ਐਵਾਰਡ, 1986 ਵਿਚ ਸੋਵੀਅਤ ਲੈਂਡ ਨਹਿਰੂ ਪੁਰਸਕਾਰ ਮਿਲਿਆ ਅਤੇ 2015 ਵਿਚ ਉਨ੍ਹਾਂ ਦਾ ਨਾਂਅ ਲਿਮਕਾ ਬੁੱਕ ਵਿਚ ਦਰਜ ਹੋਇਆ। ਇਸ ਤੋਂ ਇਲਾਵਾ ਭਾਸ਼ਾ ਵਿਭਾਗ ਵੱਲੋਂ ਕਈ ਸਨਮਾਨ ਉਨ੍ਹਾਂ ਦੀ ਝੋਲੀ ਪਏ।

ਗੁਰਦਿਆਲ ਸਿੰਘ ਜਿਸਮਾਨੀ ਤੌਰ 'ਤੇ ਭਾਵੇਂ ਸਾਡੇ ਦਰਮਿਆਨ ਨਹੀਂ ਰਹੇ, ਪਰ ਉਨ੍ਹਾਂ ਵੱਲੋਂ ਬਾਲਿਆ ਚੇਤਨਾ ਦਾ ਦੀਵਾ ਹਮੇਸ਼ਾ ਬਲਦਾ ਰਹੇਗਾ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਭਗਵਾਨ ਸਿੰਘ ਲੁਬਾਣਾ,**

**ਮੋ. 98155-40240,**

**lubanabs@yahoo.co.in**

# ਇਨਸਾਨੀ ਪੀੜਾ

ਅਮਰੀਕ ਸਿੰਘ
ਸ਼ਿਕਾਗੋ (ਯੂ.ਐਸ.ਏ)



ਇਨਸਾਨ ਸਭ ਜੂਨਾਂ ਦਾ ਸਿਰਤਾਜ ਹੈ। ਕੀ ਉਹ ਪੂਰਾ ਖੁਸ਼ ਹੈ? ਕੁਝ ਖੁਸ਼ੀਆਂ ਤੇ ਕੁਝ ਦੁਖ ਭੋਗ ਰਹੇ ਹਾਂ ਅਸੀਂ ਸਾਰੇ। ਬਹੁਤ ਵਿਰਲੇ ਹੀ ਪੂਰੇ ਖੁਸ਼ ਹੋਣਗੇ ਜਿਨ੍ਹਾਂ ਨੂੰ ਅਸੀਂ ਮਹਾਂਪੁਰਸ਼ ਕਹਿੰਦੇ ਹਾਂ। ਇਨਸਾਨੀ ਪੀੜਾਂ ਦਾ ਕੋਈ ਅੰਤ ਨਹੀਂ। ਵੱਧ ਤੋਂ ਵੱਧ ਦੁਖ ਹਨ ਜਿੰਨਾਂ ਨੂੰ ਦੇਖ ਕੇ ਰੂਹ ਕੰਬ ਉਠਦੀ ਹੈ। ਸਾਡੇ ਸਾਹਮਣੇ ਅਕਲ ਚਕਰਾਉਣ ਵਾਲੀਆਂ ਕੋਝੀਆਂ ਘਟਨਾਵਾਂ ਤੇ ਮੁਸੀਬਤਾਂ ਬੇਅੰਤ ਰੋਜ਼ ਹੋ ਰਹੀਆਂ ਹਨ। ਲਗਦਾ ਹੈ ਇਕੋ ਵੱਡਾ ਰੋਗ ਹੈ ਸਾਡੀ ਸੋਚ ਦਾ ਛੋਟਾ ਦਾਇਰਾ (ਜੋ ਅਸੀਂ ਆਪ ਹੀ ਛੋਟਾ ਕਰਦੇ ਜਾਂ ਰਹੇ ਹਾਂ), ਮਾਇਆ ਤੇ ਵਸੀਲਿਆਂ ਦੀ ਘਾਟ, ਕੰਮ ਦੀ ਅਣਹੋਂਦ, ਗਰੀਬੀ ਦੀ ਲਾਹਨਤ, ਖੁਰਾਕ ਦੀ ਘਾਟ, ਸਮਝ ਅਤੇ ਵਿਸ਼ਵਾਸ ਦੀ ਥੁੜ, ਚੰਗੇ ਸਾਥ ਦੀ ਭੁੱਖ, ਤੇ ਤਰਸ ਦਾ ਕਾਲ....। ਮਜ਼੍ਹਬ ਦਾ ਭਾਵ ਇਕ ਦੂਜਿਆਂ ਵਾਸਤੇ ਸ਼ੁਭ-ਇੱਛਾਵਾਂ ਤੇ ਅਮਨ ਸ਼ਾਂਤੀ ਪੈਦਾ ਕਰਨਾ ਸੀ ਪਰ ਸਿਆਸਤਦਾਨਾਂ ਨੇ ਆਪਸ ਵਿਚ ਖਿਚੋਤਾਣ ਅਤੇ ਵੰਡੀਆਂ ਪਾਣ ਦੇ ਲਈ ਇਸਨੂੰ ਖੂਬ ਵਰਤਿਆ ਹੈ। ਇਹ ਲੜਾਈ ਦਾ ਅਮੁੱਕ ਸੋਮਾ ਬਣ ਗਿਆ ਹੈ। ਇੰਨੇ ਮੰਦਰ, ਗੁਰਦਵਾਰੇ, ਮਸੀਤਾਂ ਤੇ ਚਰਚ ਹਨ ਜਿਥੇ ਕਿ ਪਵਿਤਰ ਗ੍ਰੰਥ, ਪੋਥੀਆਂ ਹਨ ਜੋ ਸ਼ਾਂਤੀ ਦਾ ਚਾਨਣ ਮੁਨਾਰੇ ਹਨ। ਪਰ ਹੋਇਆ ਕੀ ਕੇ ਇਹਨਾਂ ਨੂੰ ਸਮਝ ਕੇ ਪੜਣਾ ਤੇ ਫਿਰ ਅਮਲ ਕਰਨ ਦੀ ਬਜਾਏ ਅਸੀਂ ਹੋਰ ਹੀ ਮਤਲਬ ਕੱਢ ਕੇ ਲੜਾਈ ਦੀ ਜੜ੍ਹ ਬਣਾ ਲਏ ਹੈ। ਦੁਨੀਆਂ ਜੋ ਵੀ ਹੈ ਚੰਗੀ ਹੈ ਪਰ ਸਾਡਾ ਕਸੂਤਾ ਪਨ ਹੀ ਇਸ ਨੂੰ ਨਰਕ ਬਣਾ ਦਿੰਦਾ ਹੈ। ਹਨੇਰਾ ਹੀ ਹਰ ਪਾਸੇ ਨਜ਼ਰ ਆਉਂਦਾ ਹੈ ਸਾਹ ਵੀ ਲੈਣਾ ਔਖਾ ਹੋ ਜਾਂਦਾ ਹੈ। ਕੰਗਾਲ ਘਰ, ਗੰਦਗੀ ਹਰ ਜਗਾ, ਰੂੜੀਆਂ ਦੇ ਢੇਰ, ਟੇਢੀਆਂ ਤੰਗ ਗਲੀਆਂ, ਟੋਏ, ਨਫ਼ਰਤ ਦਾ ਗੁਬਾਰ, ਕੁਕਰਮ ਲੱਗਦਾ ਹੈ। ਜ਼ਿਆਦਾਤਰ ਗਰੀਬੀ ਕਰਕੇ ਅਤੇ ਗਿਆਨ ਦੀ ਕਮੀ ਕਰਕੇ ਹੋ ਰਿਹਾ ਹੈ। ਬਹੁਤ ਥੋੜ੍ਹਿਆਂ ਦੀਆਂ ਹੀ ਅਖਾਂ ਸਾਫ ਅਤੇ ਲਿਸ਼ਕਦੀਆਂ ਦਿਸਦੀਆਂ ਹਨ। ਅਸੀਂ ਸਾਰੇ ਹੀ ਰੋਜ਼ਾਨਾ ਜੀਵਨ ਵਿਚ ਇਨਸਾਨੀ ਪੀੜਾ ਦੇਖਦੇ ਹਾਂ ਕੁਝ ਕੁ ਦਾ ਮੈਂ ਵੀ ਬਿਆਨ ਕਰਦਾ ਹਾਂ।

ਮੈਂ ਜਦੋਂ ਯੂ.ਐਸ.ਏ ਵਿਚ ਹੁੰਦਾ ਹਾਂ ਤਾਂ ਵਿਜਯ ਨਾਲ ਸਵੇਰੇ ਸੈਰ ਕਰਨ ਜਾਂਦਾ ਹਾਂ। ਉਹ ਇਥੇ ਸਾਡੀ ਗਲੀ ਦੇ ਇਕ ਘਰ ਵਿਚ ਰਹਿੰਦਾ ਹੈ। ਉਹ 60 ਸਾਲ ਦਾ 6'1"', ਭਾਰਾ ਅਤੇ ਤਕੜਾ ਹੈ। ਉਹਦਾ ਕੁੱਤਾ ਵੀ ਨਾਲ ਹੁੰਦਾ ਹੈ। ਅਸੀਂ ਅਪਨੇ ਬਾਰੇ ਖੂਬ ਗਲਾਂ ਕਰਦੇ ਅਤੇ ਸਲਾਹ ਮਸ਼ਵਰਾ ਵੀ ਕਰਦੇ ਹਾਂ। ਵਿਜਯ ਭਾਰਤ ਵਰਸ਼ ਰਹਿਦਾ ਸੀ। ਉਹ ਅਪਨੇ ਸਾਰੇ ਭਰਾ-ਭੈਣਾਂ ਤੋਂ ਸਭ ਤੋਂ ਛੋਟਾ 10ਵਾਂ ਬਚਾ ਹੈ। ਉਹ ਬ੍ਰਾਹਮਣ ਕੁਲ ਦੇ ਅਮੀਰ ਘਰਾਣੇ ਦਾ ਹੈ। ਉਹ ਸਕੂਲ, ਕਾਲਜ ਅਤੇ ਯੂਨੀਵਰਸਿਟੀ ਵਿਚ ਜਦੋਂ ਪੜਦਾ ਸੀ ਤਾਂ ਫੁਟਬਾਲ, ਕ੍ਰਿਕਟ ਅਤੇ ਬਾਸਕਟ ਬਾਲ ਦਾ ਚੈਂਪੀਅਨ ਰਿਹਾ ਸੀ। ਉਸਨੇ Electrical Engineer ਦੀ ਡਿਗਰੀ ਕਰ ਲਈ ਅਤੇ ਕੁਝ ਸਾਲ ਨੌਕਰੀ ਵੀ ਕੀਤੀ। ਘਰਦਿਆਂ ਨੇ ਉਸਦੀ ਸ਼ਾਦੀ ਕਰ ਦਿੱਤੀ। ਉਹਦੇ ਦੋ ਬੱਚੇ ਹੋਏ। ਪਹਿਲਾ ਬਚਾ 1981 ਵਿਚ ਹੋਇਆ। ਬਚਿਆਂ ਨੂੰ ਬੀਮਾਰੀਆਂ ਤੋਂ ਬਚਾਣ ਲਈ ਬਚਪਨ ਵਿਚ ਕੁਝ ਟੀਕੇ ਲਗਾਏ ਜਾਂਦੇ ਹਨ। ਇਕ ਟੀਕੇ ਦਾ ਐਸਾ ਬੁਰਾ ਅਸਰ ਹੋਇਆ ਕਿ 16 ਦਿਨ ਜਨਮ ਦੇ ਬਾਅਦ ਬੱਚੇ ਨੇ ਪਾਸਾ ਲੈਣਾ, ਰੋਣਾ, ਮੁਸਕਰਾਉਣਾ ਆਦਿਕ ਬੰਦ ਕਰ ਦਿੱਤਾ। ਉਮਰ ਵਧਣ ਨਾਲ ਵੀ ਮਾਂ-ਬਾਪ ਨੂੰ ਨਾਂ ਪਛਾਣਦਾ, ਨਾਂ ਬੋਲਦਾ, ਨਾਂ ਹੱਸਦਾ ਉਸ ਦਾ ਦਿਮਾਗ ਮਾਨੋ ਜਿਸ ਤਰ੍ਹਾਂ ਹੈ ਨਹੀਂ। ਡਾਕਟਰਾਂ ਨੂੰ ਦਿਖਾਇਆ ਅਤੇ ਉਨ੍ਹਾਂ ਨੇ ਕਿਹਾ ਇਸਦਾ ਸਾਡੇ ਕੋਲ ਕੋਈ ਇਲਾਜ ਨਹੀ ਹੈ। ਬੜੀ ਮੁਸੀਬਤ ਆ ਪਈ ਪਰ ਕੀ ਕਰਦੇ, ਬੇਬਸ ਸਨ। ਚੁਪਚਾਪ ਰੋਂਦੇ। ਕੁਝ ਦਿਨਾਂ ਬਾਅਦ ਹੌਸਲਾ ਕੀਤਾ। ਤਿੰਨ ਸਾਲ ਬਾਅਦ ਦੂਸਰਾ ਲੜਕਾ ਹੋਇਆ ਜੋ ਕਿ ਬੜਾ ਲਾਇਕ ਨਿਕਲਿਆ। ਐਸ ਉਮੀਦ ਨਾਲ ਕਿ ਉਹਨਾਂ ਦੇ ਵੱਡੇ ਲੜਕੇ ਦਾ ਇਲਾਜ ਅਮਰੀਕਾ ਵਿਚ ਜ਼ਰੂਰ ਹੋਵੇਗਾ, ਉਹ ਅਪਨੀ ਬੀਵੀ ਅਤੇ ਬੱਚਿਆਂ ਸਮੇਤ 1991 ਵਿਚ 180 ਡਾਲਰ ਲੈ ਕੇ ਅਮਰੀਕਾ ਆਪ ਨੇ ਜੀਜੇ ਕੋਲ ਆ ਗਏ। ਜੀਜੇ ਨੇ ਜਲਦੀ ਮੂੰਹ ਮੋੜ ਲਿਆ। ਉਹ ਜੀਜੇ ਦੇ ਭਰਾ ਕੋਲ ਗਏ ਜਿਸ ਨੇ ਉਹਨਾਂ ਨੂੰ ਆਪ ਨੇ ਕੋਲ ਰਖਿਆ।ਿ ਵਜਯਨੂੰ ਵ ਿਆ ਪਨੇਰ ਿਅਲ ਪ੍ਰਾਪਰਟੀ ਦੇ ਕੰਮ ਵਿਚ ਨਾਲ ਲੱਗਾ ਲਿਆ। ਵਿਜਯ ਦੀ ਪਤਨੀ ਪੜ੍ਹੀ ਲਿਖੀ ਹੈ ਉਸਨੂੰ ਚੰਗੀ ਨੌਕਰੀ ਮਿਲ ਗਈ। ਵਿਜਯ ਉਸਦੀ ਕਾਰ ਚਲਾਉਂਦਾ ਅਤੇ ਬੜੀ ਜਲਦੀ ਕੰਮ ਨੂੰ ਵੀ ਸਮਝ ਗਿਆ। ਦੋਵਾਂ ਨੇ ਮਿਹਨਤ ਕੀਤੀ ਅਤੇ ਕਾਫੀ ਪੈਸਾ ਕਮਾਇਆ। ਵਿਜਯ ਨੇ ਅਪਨਾ ਘਰ ਕਿਸ਼ਤਾਂ ਤੇ ਲੈ ਲਿਆ। ਉਸਦੇ ਜੀਜੇ ਦੇ ਭਰਾ ਨੇ ਕੰਮ ਤੋਂ ਛੁਟੀ ਲੈ ਲਈ ਕਿਉਂਕਿ ਉਹ ਬੁੱਢਾ ਹੋ ਗਿਆ ਸੀ ਤੇ ਕੰਮ ਵਿਜਯ ਨੂੰ ਸੌਂਪ ਦਿੱਤਾ। ਵਿਜਯ ਚੇਤਨ, ਹੁਸ਼ਿਆਰ, ਤਿੱਖੀ ਬੁੱਧੀ ਵਾਲਾ, ਚੰਗੀ ਯਾਦਾਸ਼ਤ, ਬਹੁਤ ਮਜ਼ਬੂਤ, ਖੁਲ-ਦਿਲ ਇਨਸਾਨ ਅਤੇ ਸਮਝਦਾਰ ਵੀ ਹੈ। ਕਾਫੀ ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕਰਦਾ। ਚੰਗੀ ਕਮਾਈ ਹੋਈ ਘਰ ਦਾ ਕਰਜ਼ਾ ਲਾਹ ਦਿੱਤਾ। ਵੱਡੇ ਲੜਕੇ ਨੂੰ ਇਕ ਸੰਸਥਾ ਵਿਚ ਦਾਖਲ ਕਰਾ ਦਿੱਤਾ। ਹੋਰ ਕਮਾਈ ਕਰਕੇ ਵੱਡੇ ਲੜਕੇ ਦੀ ਉਮਰ ਭਰ ਦਾ ਖਰਚਾ ਉਹਨਾਂ ਨੇ ਸੰਸਥਾ ਨੂੰ ਭਰ ਦਿੱਤਾ ਤਾਂਕਿ ਵੱਡੇ ਲੜਕੇ ਦੀ ਦੇਖ ਭਾਲ ਬਾਰੇ ਅਤੇ ਉਸਦੀ ਸੰਸਥਾ ਦੀ ਫ਼ੀਸ ਤੋਂ ਮੁਕਤ ਹੋ ਜਾਣ। ਹੋਰ ਉਹ ਕਰ ਵੀ ਕੀ ਸਕਦੇ ਸਨ। ਹਰ ਹਫ਼ਤੇ ਉਸਨੂੰ ਦੇਖਣ ਜਾਂਦੇ ਪਰ ਲੜਕੇ ਨੂੰ ਕੋਈ ਪਹਿਚਾਨ ਹੀ ਨਹੀਂ, ਕੁਝ ਵੀ ਪਤਾ ਨਹੀ ਹੈ। ਅੱਜਕਲ? ਉਹ ਮਹੀਨੇ ਬਾਅਦ ਦੇਖਣ ਜਾਂਦੇ ਹਨ। ਪਹੁੰਚਣ ਵਿਚ ਇਕ ਘੰਟਾ ਲਗ ਜਾਂਦਾ ਹੈ। ਉਹਨਾਂ ਦਾ ਦੂਸਰਾ ਲੜਕਾ ਬੜਾ ਲਾਇਕ ਨਿਕਲਿਆ ਹੈ। ਡਾਕਟਰੀ ਦੀ ਮੁਢਲੀ ਪੜਾਈ ਪੂਰੀ ਕਰਕੇ, ਫਿਰ M.D.

ਦਿਮਾਗ ਦੀ ਅਤੇ ਹੁਣ ਫੇਲੋਸ਼ਿਪ ਕਰ ਰਿਹਾ ਹੈ ਦਿਮਾਗ ਬਾਰੇ। ਉਹ ਵਿਜਯ ਨੂੰ ਕਹਿੰਦਾ ਹੈ ਕੇ ਕੰਮ ਛਡ ਦਿਓ। ਵਿਜਯ ਕਹਿੰਦਾ ਹੈ ਕਿ ਵਿਹਲਾ ਰਹਿ ਕੇ ਮੈਂ ਕੀ ਕਰਾਂਗਾ। ਲੋਕ ਚੰਗੇ ਹਨ ਉਸਨੂੰ ਘਰੋਂ ਲੈ ਜਾਂਦੇ ਹਨ ਤੇ ਛੱਡ ਵੀ ਜਾਂਦੇ ਹਨ ਕਿਉਂਕਿ ਉਹ ਆਪ ਕਾਰ ਨਹੀਂ ਚਲਾ ਸਕਦਾ। ਭਾਵੇ ਕਾਰਾਂ ਦੋ ਰੱਖੀਆਂ ਹਨ। ਇਕ ਕਾਰ ਉਸਦੀ ਪਤਨੀ ਵਾਸਤੇ ਹੈ ਅਤੇ ਦੂਸਰੀ ਉਸਦੇ ਵਾਸਤੇ ਹੈ। ਕਿਉਂਕਿ 55 ਸਾਲ ਦੀ ਉਮਰ ਵਿਚ ਉਸ ਦੀਆਂ ਦੋਵੇਂ ਅੱਖਾਂ ਦੇ ਰੈਟਨੇ ਖ਼ਰਾਬ ਹੋ ਗਏ ਜਿਸ ਨਾਲ ਉਸਨੂੰ 10-15 ਗਜ਼ ਤੋਂ ਦੂਰ ਦਿਖਾਈ ਨਹੀਂ ਦਿੰਦਾ ਸੀ। ਕੁੱਤਾ ਉਸਨੇ ਮਜ਼ਬੂਰੀ ਵਿਚ ਰਖਿਆ ਸੀ ਕਿਉਂਕਿ ਉਹ ਉਸਨੂੰ ਦੂਰ ਤੱਕ ਦਾ ਰਸਤਾ ਦਿਖਾਂਦਾ ਹੈ ਤੇ ਘਰ ਲਿਆਉਣ ਦੀ ਤਸੱਲੀ ਹੈ ਉਸਦੀ ਪਤਨੀ ਨੂੰ। ਕਈ ਡਾਕਟਰਾਂ ਨੂੰ ਉਸਨੇ ਦਿਖਾਇਆ ਪਰ ਹਰ ਇਕ ਨੇ ਕਿਹਾ ਕਿ ਇਸ ਬੀਮਾਰੀ ਦਾ ਦੁਨੀਆਂ ਵਿਚ ਅਜੇ ਤਕ ਕੋਈ ਇਲਾਜ ਨਹੀ ਹੈ। ਹੁਣ ਕੁਝ ਟੀਕੇ ਅੱਖਾਂ ਵਿਚ ਡਾਕਟਰਾਂ ਨੇ ਲਾਏ ਹਨ ਤੇ ਇਕ ਅਖ ਵਿਚੋਂ ਕੁਝ ਦੂਰ ਤਕ ਧੁੰਦਲਾ ਜਿਹਾ ਨਜ਼ਰ ਆਉਂਦਾ ਹੈ। ਪਹਿਲਾਂ ਤੋਂ ਥੋੜ੍ਹਾ ਚੰਗਾ ਦਿਖਾਈ ਦਿੰਦਾ ਹੈ।

ਯੂ.ਐਸ. ਵਿਚ ਮੈਂ ਸਿਹਤ ਸੈਂਟਰ ਅਕਸਰ ਜਾਂਦਾ ਹਾਂ ਅਤੇ ਜੇ ਮੌਸਮ ਚੰਗਾ ਹੋਵੇ ਤਾਂ ਬਾਹਰ ਦੂਰ ਤਕ ਸੈਰ ਕਰਦਾ ਹਾਂ। ਇਹ ਮੁਲਖ ਬਹੁਤ ਖੁਲ੍ਹਾ ਹੈ। ਚੌੜੀਆਂ ਸੜਕਾਂ, ਵੱਡੇ-ਵੱਡੇ ਦਫਤਰ, ਪਾਰਕ ਬਹੁਤ ਵੱਡੇ, ਹਰ ਪਾਸੇ ਹਰਾ ਘਾਹ, ਮਿਟੀ ਨਜ਼ਰ ਨਹੀ ਆਉਂਦੀ, ਸੜਕਾਂ ਦੇ ਦੋਵੇਂ ਕੰਡਿਆਂ ਦੇ ਨਾਲ-ਨਾਲ ਕੰਟਰੀਟ ਦਾ ਪੱਕਾ ਪੈਦਲ ਚਲਣ ਦਾ ਅਤੇ ਸਾਈਕਲ ਚਲਾਉਣ ਦਾ ਰਸਤਾ, ਦੂਰ ਵਿੱਥ ਤੇ ਘਰ, ਦਫਤਰ, ਹਰ ਫਰਲਾਂਗ ਦੀ ਦੂਰੀ ਤੇ ਸਾਫ ਪਾਣੀ ਨਾਲ ਭਰੇ ਛੱਪੜ, ਦਰਖ਼ਤਾਂ ਦਾ ਅੰਤ ਨਹੀ ਹੈ। ਇਹ ਸਭ ਕੁਝ ਇਕ ਸ਼ਾਨਦਾਰ ਨਜ਼ਾਰਾ ਹਰ ਤਰਫ਼ ਬਣਾ ਦਿੰਦਾ ਹੈ। ਸੈਰ ਕਰਦਾ ਕਰਦਾ ਦੂਰ ਨਿਕਲ ਜਾਂਦਾ ਹਾਂ ਇਕ Life Changer International Church ਤੱਕ, ਰਸਤੇ ਵਿਚ ਕੋਈ ਆਦਮੀ ਨਹੀਂ ਦਿਸਦਾ ਮਾਨੋ curfew ਲਗਾ ਹੋਵੇ। ਚਰਚ ਦਾ 24 ਏਕੜ ਰਕਬਾ, ਵਿਚਕਾਰ ਚਰਚ ਦੀ ਬਿਲਡਿੰਗ ਅਤਿ ਸੁੰਦਰ, ਆਲੇ ਦੁਆਲੇ ਸ਼ਾਨਦਾਰ ਕਈ ਸਾਫ ਤਲਾਬ ਜਿੰਨਾਂ ਵਿਚ ਕਈ ਫੁਹਾਰੇ ਹਨ, ਹਰਾ ਲਸ਼ਲਸ਼ ਕਰਦਾ ਘਾਹ, ਅਣਗਿਣਤ ਦਰਖ਼ਤ ਤੇ ਸੁੰਦਰ ਝਾੜੀਆਂ, ਪਾਰ-ਕਿੰਗ ਏਰੀਆ ਬਹੁਤ ਖੁਲਾ ਹੈ। ਇਸ ਤਰਾਂ ਲਗਦਾ ਹੈ ਕਿ ਐਸੀ ਇਕਾਂਤ ਸਵਰਗ ਹੋਵੇ। ਇਕ ਦਿਨ ਮੈਂ ਅੰਦਰ ਚਰਚ ਵਿਚ ਵੜਗਿਆ। ਸੋਫਿਆਂ ਥੱਲੇ ਸੁੰਦਰ ਕਾਲੀਨ, 10 ਕੂ ਗਜ਼ਾਂ ਦੀ ਦੂਰੀ ਤੇ ਦਰਜਨਾਂ ਇਹੋ ਜੇਹੇ ਸੋਫੇ ਰੱਖੇ ਹੋਏ, ਵਿਚਕਾਰ ਬਹੁਤ ਵੱਡਾ ਹਾਲ ਸੁੰਦਰ ਕੁਰਸੀਆਂ ਨਾਲ ਭਰਿਆਂ ਘਟੋ ਘਟ ਹਜ਼ਾਰ ਆਦਮੀ ਬੈਠ ਸਕਦੇ ਹਨ। ਸਟੇਜ਼ ਬਹੁਤ ਵੱਡੀ ਹੈ। ਉਸ ਦਿਨ ਐਤਵਾਰ ਨਹੀਂ ਸੀ ਇਸ ਕਰਕੇ ਕੋਈ ਪ੍ਰੋਗਰਾਮ ਨਹੀਂ ਸੀ। ਸੇਵਾ ਕਰਨ ਲਈ ਕੁਝ ਆਦਮੀ ਤੇ ਇਸਤਰੀਆਂ ਸਨ। ਉਸ ਦਿਨ ਕਾਫੀ ਗਰਮੀ ਸੀ ਤੇ ਮੈਂ ਸੋਫੇ ਤੇ ਬੈਠ ਗਿਆ। ਇਕ ਔਰਤ ਆਈ ਜਿਸ ਨੇ ਪੁੱਛਿਆ ਦੱਸੋ ਮੈਂ ਤੁਹਾਡੇ ਲਈ ਕੀ ਕਰ ਸਕਦੀ ਹਾਂ। ਨਾਲ ਦੇ ਸੋਫੇ ਤੇ ਬੈਠ ਗਈ। ਖੁਸ਼ ਮਿਜ਼ਾਜ ਲਗੀ। ਮੈਂ ਪੁੱਛਿਆ ਤੁਸੀਂ ਇਥੇ ਕਿਸ ਤਰ੍ਹਾਂ ਆਏ ਸੀ। ਕਹਿੰਦੀ ਲੰਬੀ ਕਹਾਣੀ ਹੈ ਮੈਂ ਮੈਕਸਿਕੋ ਦੇਸ਼ ਦੀ ਵਾਸੀ ਸੀ। ਦੋ ਵੱਡੇ ਭਰਾ, ਮੇਰੇ ਤੋਂ ਦੋ ਛੋਟੀਆਂ ਭੈਣਾਂ, ਮਾਂ ਅਤੇ ਪਿਉ। ਜਦੋਂ ਮੈਂ 6 ਸਾਲ ਦੀ ਸੀ ਮੇਰੇ ਪਿਉ ਨੇ ਮੇਰੇ ਨਾਲ ਬੁਰਾ ਕੁਕਰਮ ਕੀਤਾ ਅਤੇ ਆਖਿਆ ਜੇ ਮਾਂ ਨੂੰ ਦੱਸਿਆ ਤਾਂ ਤੇਰੀ ਮਾਂ ਨੂੰ ਮਾਰ ਦਿਆਂਗਾ। ਮੈਂ ਬਹੁਤ ਡਰ ਗਈ ਇਹ ਕੀ ਹੋ ਗਿਆ ਹੈ, ਮੈਂ ਪਾਗਲਾਂ ਦੀ ਤਰਾਂ ਰਹਿੰਦੀ ਕੁਝ ਸਮਝ ਨਾਂ ਲਗੇ ਝਲੀ ਅਤਿ ਸਹਿਮੀ ਹਾਲਤ ਵਿਚ ਸਾਂ। ਅਸੀਂ ਬੜੇ ਗਰੀਬ ਸੀ। ਖਾਨ ਪੀਣ ਲਈ ਪੈਸਾ ਨਹੀਂ ਸੀ। ਬਾਪ ਸਾਡਾ ਬਹੁਤ ਜ਼ਾਲਮ ਸੀ। ਮਾਂ ਸਮੇਤ ਸਾਰੇ ਭੈਣ ਭਰਾ ਡਰੇ ਸਹਿਮੇ ਰਹਿੰਦੇ। ਮੈਂ ਉਹਦੀਆਂ ਦੁਖ ਭਰੀਆਂ ਗਲਾਂ ਸੁਣਦਾ ਰਿਹਾ। ਮੇਰੀਆਂ ਅਖਾਂ ਅਥਰੂਆਂ ਨਾਲ ਭਰ ਆਈਆਂ ਅਤੇ ਮੈਂ ਅਪਨੇ ਮੂੰਹ ਨੂੰ ਹੱਥਾਂ ਨਾਲ ਢੱਕ ਲਿਆ। ਅਥਰੂ ਨਾਂ ਰੁਕ ਸਕੇ ਅਤੇ ਮੂੰਹ ਨੂੰ ਹੱਥਾਂ ਨਾਲ ਕਈ ਦੇਰ ਲੁਕਾਈ ਰੱਖਿਆ। ਉਹ ਬੜੀ ਸੂਝ ਵਾਲੀ ਹੈ ਸਮਝ ਤੇ ਗਈ ਪਰ ਮੈਨੂੰ ਕੁਝ ਨਾਂ ਕਿਹਾ ਸੀ। ਇਕ ਦਿਨ ਮੇਰਾ ਇਕ ਭਰਾ ਡਰ ਕੇ ਪਿਉ ਤੋਂ; ਅਲਮਾਰੀ ਅੰਦਰ ਲੁਕ ਗਿਆ ਸਿਰ ਤੇ ਦੋਵੇਂ ਹੱਥ ਰੱਖ ਕੇ। ਬਾਪ ਨੇ ਲੱਭ ਲਿਆ ਅਤੇ ਰੰਬੇ ਨਾਲ ਉਹਦੀ ਇਕ ਉਂਗਲ ਕੱਟ ਦਿੱਤੀ। ਫੇਰ ਹਸਪਤਾਲ ਲੈ ਗਿਆ ਆਖਿਆ ਜੇ ਡਾਕਟਰ ਨੂੰ ਸਚ ਦੱਸਿਆ ਤਾਂ ਤੇਰੀ ਮਾਂ ਨੂੰ ਮਾਰ ਦਿਆਂਗਾ। ਕਹਿਣਾ ਸੱਟ ਲਗ ਗਈ ਹੈ। ਸਾਡੀ ਮਾਂ ਨੂੰ ਰੋਜ ਕੁੱਟਦਾ, ਇਨਸਾਨ ਨਹੀਂ ਜਾਨਵਰ ਸੀ। ਫਿਰ ਘਰ ਛਡ ਗਿਆ। ਮੈਕਸੀਕੋ ਸ਼ਹਿਰ ਦੀ 21ਲਖ ਆਬਾਦੀ ਹੈ। ਦੁਨੀਆ ਦਾ 12ਵਾਂ ਵੱਡਾ ਸ਼ਹਿਰ ਹੈ । ਕਈ ਲੋਕ ਬਹੁਤ ਅਮੀਰ ਤੇ ਬਹੁਤੇ ਗਰੀਬ ਹਨ। ਅਮੀਰ ਲੋਕ ਖਾਨ ਵਾਲੀਆਂ ਵਸਤਾਂ ਦੀ ਜਦੋਂ Expiry ਤਰੀਕ ਨਿਕਲ ਜਾਂਦੀ ਹੈ ਤਾਂ ਬਾਹਰ ਸੁੱਟ ਦਿੰਦੇ ਹਨ। ਅਸੀਂ ਗਾਰਬੇਜ ਨੂੰ ਫੋਲ ਫੋਲ ਕੇ ਖਾਣ ਲਈ ਜੋ ਮਿਲਦਾ ਖਾ ਲੈਂਦੇ। ਇਸ ਤਰ੍ਹਾਂ 7 ਸਾਲ ਤਕ ਚਲਦਾ ਰਿਹਾ। ਅਸੀਂ ਗਾਰਬੇਜ ਹੀ ਖਾਂਦੇ ਅਤੇ ਗਾਰਬੇਜ ਵਿਚ ਹੀ ਰਹੇ। ਮੈਂ ਕਈ ਵਾਰ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਪਰ ਹਰ ਵੇਲੇ ਕੋਈ ਨਾਂ ਕੋਈ ਘਰ ਵਿਚ ਭੈਣ ਭਰਾ ਜਾਂ ਮਾਂ ਮੈਨੂੰ ਬਚਾ ਲੈਂਦੇ। ਮੈਂ ਹਰ ਇਕ ਇਨਸਾਨ ਨੂੰ ਨਫ਼ਰਤ ਕਰਦੀ; ਇਹ ਦੁਨੀਆਂ ਕੀ ਹੈ ਇੰਨੀ ਭੈੜੀ। ਨਫ਼ਰਤ ਨਾਲ ਮੈਂ ਭਰੀ ਰਹਿੰਦੀ ਅਤੇ ਗੁੱਸੇ ਨਾਲ ਮੈਂ ਕਈ ਲੋਕਾਂ ਨਾਲ ਬੁਰੀ ਤਰ੍ਹਾਂ ਲੜਦੀ। ਮੈਨੂੰ ਹਸਪਤਾਲ ਲੈ ਜਾਂਦੇ ਇਲਾਜ ਲਈ। ਡਾਕਟਰ ਦੁਆਈ ਦੇ ਕੇ ਵਾਪਸ ਭੇਜ ਦਿੰਦੇ। ਮੈਨੂੰ ਬੀਮਾਰੀ ਤੇ ਕੋਈ ਨਹੀਂ ਸੀ ਸਿਰਫ ਦੁਨੀਆਂ ਨਾਲ ਨਫ਼ਰਤ ਤੇ ਅਤੀ ਗੁੱਸਾ ਰੰਜਸ਼ ਸੀ; ਮੈਂ ਜੀਉਣਾ ਨਹੀਂ ਸੀ ਚਾਹੁੰਦੀ। ਮੇਰਾ ਇਕ ਵੱਡਾ ਭਰਾ ਲੁਕ ਕੇ ਸਰਹੱਦ ਪਾਰ ਕਰਕੇ ਅਮਰੀਕਾ ਆ ਗਿਆ। ਕੁਝ ਸਾਲਾਂ ਬਾਅਦ ਅਸੀਂ ਸਾਰੇ ਮਾਂ ਸਮੇਤ ਸਾਰੇ ਬਾਕੀ ਦੇ ਭੈਣ ਭਰਾ ਚੋਰੀ ਛੁਪੀ ਸਰਹੱਦ ਪਾਰ ਕਰਕੇ ਇਕ ਦਿਨ ਅਮਰੀਕਾ ਆ ਗਏ। ਉਹਨਾਂ ਦਿਨਾਂ ਵਿਚ ਸਰਹੱਦ ਪਾਰ ਕਰਨਾ ਇੰਨਾਂ ਔਖਾ ਨਹੀਂ ਸੀ। ਮੈਨੂੰ ਇਕ ਚੰਗੀ ਔਰਤ ਮਿਲੀ ਉਸਨੇ ਮੈਨੂੰ ਬਾਈਬਲ ਅੰਗਰੇਜ਼ੀ ਵਿਚ ਲਿਖੀ ਹੋਈ ਦਿੱਤੀ। ਮੈਂ ਆਖਿਆ ਕਿ ਮੈਨੂੰ ਤੇ ਸਿਰਫ ਸਪੈਨਿਸ਼ ਭਾਸ਼ਾ ਹੀ ਆਉਂਦੀ ਹੈ; ਉਸਨੇ ਸਪੈਨਿਸ਼ ਭਾਸ਼ਾ ਵਿਚ ਬਾਈਬਲ ਦਿੱਤੀ। ਮੈਂ ਪੜ੍ਹਨਾ ਸ਼ੁਰੂ ਕਰ ਦਿੱਤਾ। ਉਹ ਔਰਤ ਮੈਨੂੰ ਪਿਆਰ ਨਾਲ ਮਤਲਬ ਬਾਈਬਲ ਦਾ ਮਤਲਬ ਸਮਝਾਂਦੀ। ਹੌਲੀ ਹੌਲੀ ਮੈਂ ਅਮਲ ਕਰਨਾ ਸ਼ੁਰੂ ਕਰ ਦਿੱਤਾ। ਮੈਂ ਅੰਗਰੇਜ਼ੀ ਲਿਖਣਾ ਅਤੇ ਬੋਲਣਾ ਵੀ ਸਿਖ ਲਿਆ। ਮੰਨ ਨੂੰ ਸ਼ਾਂਤੀ ਮਿਲਣੀ ਸ਼ੁਰੂ ਹੋ ਗਈ। ਮੈਂ ਜਿਉਣਾ ਚਾਹੁੰਦੀ ਸੀ ਖ਼ੁਦਕੁਸ਼ੀ ਦਾ ਖਿਆਲ ਮੰਨ ਵਿਚੋਂ ਨਿਕਲ ਗਿਆ। ਮੈਨੂੰ ਨੌਕਰੀ ਵੀ ਮਿਲ ਗਈ। ਮੇਰੇ ਦੋਵੇਂ ਵੱਡੇ ਭਰਾ ਪਹਿਲਾਂ ਹੀ ਨੌਕਰੀ ਕਰ ਰਹੇ ਸਨ। ਅਸੀਂ ਬੜੀ ਚੰਗੀ ਜ਼ਿੰਦਗੀ ਜੀਉਣ ਲਗੇ ਮਾਨੋ ਕਿ ਦੁਖ ਭਰੇ ਦਿਨ ਲੰਘ ਗਏ ਹਨ। ਮੇਰੀ ਮਾਂ ਵੀ ਖੁਸ਼ ਸੀ। ਕਹਿੰਦੀ ਹੁਣ ਸਾਡੇ ਕੋਲ ਰੋਟੀ ਹੈ, ਤੁਹਾਨੂੰ ਸਾਰਿਆਂ ਨੂੰ ਰੁਜ਼ਗਾਰ ਮਿਲ ਗਿਆ ਹੈ ਸਾਰੇ ਅਸੀਂ ਖੁਸ਼ ਹਾਂ। ਜਦੋਂ ਮੈਂ 25 ਸਾਲਾਂ ਦੀ ਹੋਈ ਤਾਂ ਮੇਰੀ ਸ਼ਾਦੀ ਇਕ ਲੜਕੇ ਨਾਲ ਜੋ ਕਿ ਮੈਕਸਿਕੋ ਤੋਂ ਹੀ ਆਇਆ ਸੀ ਨਾਲ ਕਰ ਦਿੱਤੀ। ਉਹ ਬੜਾ ਚੰਗਾ ਅਤੇ ਮੈਂ ਉਸਨੂੰ ਅਪਨੀ ਪਿਛਲੀ ਜ਼ਿੰਦਗੀ ਬਾਰੇ ਸਭ ਕੁਝ ਦਸ ਦਿੱਤਾ। ਉਸਨੇ ਮੇਰੇ ਨਾਲ ਹੋਰ ਹਮਦਰਦੀ ਕਰਨੀ ਸ਼ੁਰੂ ਕਰ ਦਿੱਤੀ।

Land scaping ਦਾ ਕੰਮ ਕਰਦਾ ਹੈ। ਸਾਡੀ ਇਕ ਲੜਕੀ ਦਸ ਸਾਲ ਦੀ ਹੈ ਜੋ ਸਕੂਲ ਜਾਂਦੀ ਹੈ। ਅਸੀਂ ਬੜੇ ਖੁਸ਼ ਹਾਂ। ਮੈਂ ਵੀ ਚਰਚ ਵਿਚ ਨੌਕਰੀ ਕਰਦੀ ਹਾਂ। ਮੈਨੂੰ ਵੀ ਤਨਖਾਹ ਮਿਲਦੀ ਹੈ। ਹੁਣ ਮੈਨੂੰ ਕਿਸੇ ਨਾਲ ਗਿਲਾ ਸ਼ਿਕਵਾ ਨਹੀਂ ਹੈ। ਜ਼ਿੰਦਗੀ ਚੰਗੀ ਹੈ।

ਮੇਰੇ ਦਾਦਾ ਜੀ ਦੀ ਇਕ ਹੀ ਵੱਡੀ ਭੈਣ ਸੀ ਜੋ ਛੋਟੀ ਉਮਰ ਵਿਚ ਵਿਧਵਾ ਹੋ ਗਈ। ਉਦੋਂ ਦੁਬਾਰਾ ਸ਼ਾਦੀ ਕਰਨ ਦਾ ਖਿਆਲ ਵੀ ਨਹੀਂ ਸੀ ਹੁੰਦਾ। ਇਹ 19ਵੀਂ ਸਦੀ ਦੇ ਆਖਰੀ ਚੌਥਾਈ ਦੀ ਗਲ ਹੈ। ਵਿਚਾਰੀ ਸਾਰੀ ਉਮਰ ਵਿਧਵਾ ਨੇ ਬਾਬੇ ਦੇ ਘਰ ਦੇ ਕੋਲ ਇਕ ਵਖਰੇ ਘਰ ਵਿਚ ਸਾਰੀ ਉਮਰ ਗੁਜ਼ਾਰ ਦਿੱਤੀ। ਮੇਰੇ ਪਿਤਾ ਜੀ ਘਰ ਵਿਚੋਂ ਸਭ ਤੋਂ ਵੱਡੇ ਸਨ। ਭੂਆ ਕੌੜੀ ਮੇਰੇ ਪਿਤਾ ਨੂੰ ਅਪਨਾ ਪੁੱਤਰ ਸਮਝਦੀ। ਉਸ ਨਾਲ ਮਾਂ ਵਰਗਾ ਪਿਆਰ ਕਰਦੀ। ਮੱਝ ਦਾ ਘਿਓ ਜੋੜ ਕੇ ਕਹਿੰਦੀ ਪੁੱਤਰ ਪੀ ਜਾ। ਸਾਨੂੰ ਬਚਿਆਂ ਨੂੰ ਵੀ ਪਿਆਰ ਕਰਦੀ ਪਰ ਜਦੋਂ ਅਸੀਂ ਉਸ ਨਾਲ ਇਧਰ ਉਧਰ ਦੀਆਂ ਗਲਾਂ ਕਰਦੇ ਉਹ ਥੱਕ ਜਾਂਦੀ ਤੇ ਕਹਿੰਦੀ ਕੁਤਰਿਓ ਦੌੜ ਜਾਉ। ਬਾਬਾ ਜੀ ਸ਼ਰਾਬ ਰੋਜ਼ ਪੀ ਕੇ ਰਾਤ ਨੂੰ ਘਰ ਆਉਂਦੇ ਅਤੇ ਜੇ ਭੂਆ ਜਾਗਦੀ ਹੁੰਦੀ ਤਾਂ ਕਹਿੰਦੇ ਕੁਤਰਾ ਸ਼ਰਾਬ ਪੀ ਕੇ ਆ ਗਿਆ ਹੈ। ਬਾਬਾ ਜੀ ਸਿਰਫ ਅਪਨੀ ਭੈਣ ਤੋਂ ਡਰਦੇ। ਮੈਂ ਚਾਰ ਸਾਲ ਦੀ ਹੋਵਾਂਗੀ ਕਿ ਉਹ ਮਰ ਗਈ। ਉਸ ਨੂੰ ਫੁਲਾਂ ਨਾਲ ਸਜਾਇਆ ਗਿਆ, ਪਤਾਸਿਆਂ ਤੇ ਪੈਸਿਆਂ ਦੀ ਸੋਟ ਕਰਦੇ ਕਰਦੇ ਸ਼ਮਸ਼ਾਨ ਘਾਟ ਲੈ ਗਏ ਤੇ ਉਸਦਾ ਸੰਸਕਾਰ ਹੋ ਗਿਆ।

ਮੇਰੇ ਕਈ ਸਾਲਾਂ ਤੋਂ ਬਣੇ ਇਕ ਦੋਸਤ ਦੇ ਘਰ ਦਾ ਕੰਮ ਇਕ ਔਰਤ ਸ਼ਾਰਦਾ 60 ਸਾਲਾਂ ਦੀ ਹੈ; ਘਰ ਦਾ ਸਾਰਾ ਕੰਮ ਕਰਦੀ ਹੈ; ਰੋਟੀ ਬਣਾਨਾ, ਘਰ ਦੀ ਸਫਾਈ, ਬਰਤਨ ਸਾਫ ਕਰਨੇ ਵਗੈਰਾ। 8 ਸਾਲਾਂ ਤੋਂ ਕਰ ਰਹੀ ਹੈ। ਮੇਰੇ ਦੋਸਤ ਨੇ ਉਸਨੂੰ ਮੂੰਹ ਬੋਲੀ ਛੋਟੀ ਭੈਣ ਬਣਾ ਲਈ ਹੈ। ਉਹ ਵਿਧਵਾ ਹੋ ਗਈ ਸੀ। ਸ਼ਾਰਦਾ ਦੀ ਜ਼ਿੰਦਗੀ ਦੀ ਕਹਾਣੀ ਵੀ ਦਰਦਨਾਕ ਹੈ। ਦੋਸਤ ਕਹਿੰਦਾ ਹੈ ਕਿ ਸ਼ਾਰਦਾ ਕਦੀ ਅਪਨੇ ਬਾਰੇ ਗਲ ਨਹੀਂ ਕਰਦੀ। ਪੁੱਛਣ ਤੇ ਸ਼ਾਰਦਾ ਨੇ ਦੱਸਿਆ,"ਕਿ ਘਰ ਵਿਚੋਂ ਉਹ ਸਭ ਤੋਂ ਵੱਡੀ ਹੈ। ਤਿੰਨ ਛੋਟੇ ਭਰਾ ਹਨ। ਜਦੋਂ ਮੈਂ ਚੌਦਾਂ ਸਾਲਾਂ ਦੀ ਸੀ ਮਾਂ-ਪਿਉ ਗੁਜ਼ਰ ਗਏ। ਅਸੀਂ ਗਰੀਬ ਘਰ ਦੇ ਅਤੇ ਨੀਵੀਂ ਜ਼ਾਤ ਦੇ ਹਾਂ। ਦੋਸਤ ਨੇ ਕਿਹਾ,"ਭੈਣ! ਕੋਈ ਗਲ ਨਹੀਂ ਇਨਸਾਨ ਚੰਗਾ ਹੋਵੇ ਜ਼ਾਤ ਦਾ ਕੀ ਹੈ। ਸ਼ਾਰਦਾ: ਸਾਰੀ ਜ਼ਿੰਮੇਵਾਰੀ ਮੇਰੇ ਤੇ ਆ ਗਈ। ਉਦੋਂ ਦੀ ਮੈਂ ਲੋਕਾਂ ਦੇ ਘਰਾਂ ਵਿਚ ਕੰਮ ਕਰ ਰਹੀ ਹਾਂ। ਜਦੋਂ ਭਰਾ ਵੱਡੇ ਹੋਏ ਤਾਂ ਛੋਟਾ ਮੋਟਾ ਕੰਮ ਕਰ ਕੇ ਅਪਨਾ ਗੁਜ਼ਾਰਾ ਘਰ ਦਾ ਚਲਾਉਣ ਲਗ ਪਏ। ਕਿਸੇ ਨੇੜੇ ਦੇ ਰਿਸ਼ਤੇਦਾਰ ਨੇ ਮੇਰੀ ਸ਼ਾਦੀ ਕਰ ਦਿੱਤੀ। ਮੇਰੇ ਦੋ ਲੜਕੀਆਂ ਹਨ। ਭਰਾਵਾਂ ਨੇ ਇਕ ਖੁੱਲ੍ਹਾ ਹਾਤਾ ਖਰੀਦ ਲਿਆ। ਮੈਂ ਉਹਨਾਂ ਦੀਆਂ ਸ਼ਾਦੀਆਂ 5-6 ਸਾਲਾਂ ਵਿਚ ਕਰ ਦਿੱਤੀਆਂ। ਹਰ ਇਕ ਨੇ ਅਪਨੇ ਵਾਸਤੇ ਹੌਲੀ ਹੌਲੀ ਦੋ-ਤਿੰਨ ਕਮਰੇ ਬਣਾ ਲਏ। ਮੇਰਾ ਪਤੀ ਬੜਾ ਸ਼ਰਾਬੀ ਸੀ। ਉਸਦੀ ਮੌਤ ਜਲਦੀ ਹੋ ਗਈ। ਮੈਂ ਉਹਨਾਂ ਦੇ ਹਾਤੇ ਵਿਚ ਹੀ ਇਕ ਕਮਰਾ ਅਪਨੇ ਵਾਸਤੇ ਬਣਾ ਲਿਆ। ਭਰਾਵਾਂ ਨੂੰ ਕਿਹਾ ਕਿ ਮੈਂ ਹੋਰ ਸ਼ਾਦੀ ਨਹੀਂ ਕਰਾਵਾਂਗੀ ਅਤੇ ਤੁਹਾਨੂੰ ਕਿਸੇ ਕਿਸਮ ਦਾ ਮੇਰੇ ਬਾਰੇ ਉਲਾਂਭਾ ਨਹੀਂ ਆਵੇਗਾ। ਸਾਰੇ ਭਰਾ ਉਹਨੇ ਦੀਆਂ ਪਤਨੀਆਂ ਅਤੇ ਭਤੀਜੇ ਭਤੀਜੀਆਂ ਮੇਰੀ ਬੜੀ ਇੱਜ਼ਤ ਕਰਦੇ ਹਨ। ਅਪਨੇ ਲਈ ਮੈਂ ਦੋ ਘਰਾਂ ਦਾ ਕੰਮ ਕਰ ਕੇ ਗੁਜ਼ਾਰਾ ਚਲਾ ਲੈਂਦੀ ਹਾਂ। ਕੁੜੀਆਂ ਦਾ ਵਿਆਹ ਵੀ ਕਰ ਦਿੱਤਾ ਹੈ। ਜਵਾਈ ਚੰਗੇ ਹਨ। ਮੇਰੇ ਚਾਰ ਦੋਹਤਰੇ ਅਤੇ ਦੋਹਤਰੀਆਂ ਹਨ। ਹੁਣ ਮੈਨੂੰ ਇਕ ਪੂਰੇ ਗੁਰੂ ਦੇ ਵੀ ਨਾਮ ਦਾਨ ਦੀ ਬਖ਼ਸ਼ਿਸ਼ ਹੋ ਗਈ ਹੈ। ਮੇਰੀ ਜ਼ਿੰਦਗੀ ਠੀਕ ਚਲ ਰਹੀ ਹੈ।

ਕਿਸੇ ਸਿਆਣੇ ਨੇ ਠੀਕ ਕਿਹਾ ਹੈ ਕਿ ਗਰੀਬੀ ਦੀ ਦਲਦਲ ਵਿਚੋਂ ਨਿਕਲ ਕੇ ਹੀ ਇਨਸਾਨ ਕੁਝ ਸੋਚ ਸਕਦਾ ਹੈ। ਚੇਤੰਨਤਾ ਦਾ ਵਿਕਾਸ ਨਾਂ ਹੋਣਾ ਚੇਹਰੇ ਪੀਲੇ, ਕੋਝੇ ਰਸਮ ਰਿਵਾਜ਼, ਵਹਿਮ, ਨੀਂਦ ਦਾ ਨਾਂ ਆਉਣਾ, ਪਾਗਲਪਣ ਦੇ ਦੌਰੇ, ਚਿੰਤਾ ਦੀ ਅਗਨ ਵਗੈਰਾ ਆ ਜਾਂਦੇ ਹਨ। ਗਰੀਬੀ ਵਿਚ ਹੈਵਾਨੀਅਤ, ਜ਼ੁਲਮ, ਗੰਦਗੀ ਦੇ ਢੇਰ, ਖੁਦਕੁਸ਼ੀਆਂ, ਭੂਤ ਪਰੇਤ ਚਿਮਟਣੇ, ਔਰਤਾਂ ਨਾਲ ਜ਼ੁਲਮ, ਔਰਤਾਂ ਨੂੰ ਗ਼ਸ਼ ਪੈਣੇ, ਇਹੋ ਜਿਹੀ ਬੁਰੀ ਹਾਲਤ ਵਿਚ ਔਰਤਾਂ ਦੀ ਹਾਲਤ ਅਤਿ ਬੁਰੀ ਹੋ ਜਾਂਦੀ ਹੈ। ਲੋਕਾਂ ਵਿਚ ਬਹੁਤ ਵਹਿਮ ਘਰ ਕਰ ਜਾਂਦਾ ਹੈ। ਭੂਤਾਂ ਨੂੰ ਕਡਨ ਵਾਲੇ ਸਿਆਣੇ ਵੀ ਕਈ ਬਣ ਜਾਂਦੇ ਹਨ। ਕਹਿੰਦੇ ਹਨ ਭੂਤ ਚਿੰਬੜ ਗਿਆ ਹੈ। ਔਰਤਾਂ ਨੂੰ ਖਿਡਾ ਕੇ ਭੂਤਾਂ ਨੂੰ ਕੱਢਦੇ ਹਨ। ਨੀਝ ਲਾਇਆਂ ਦੇਖਿਆ ਜਾਵੇ ਤਾਂ ਇਹ ਗਰੀਬੀ ਦੀ ਹੀ ਉਪਜ ਹਨ। ਗਰੀਬੀ ਦੀ ਅਗਿਆਨਤਾ ਹੀ ਹੈ ਜੋ ਸੂਰਜ ਦੇਵਤਾ, ਅਗ ਦੇਵਤਾ, ਪੌਣ ਦੇਵਤਾ, ਪਾਣੀ ਦੀ ਪੂਜਾ। ਹਾਂ ਇਨਸਾਨ ਨੇ ਜੇ ਪੂਜਾ ਕਰਨੀ ਹੈ ਤਾਂ ਉਸਦੇ ਪੂਜਾ ਦੇ ਲਾਇਕ ਉਹ ਇਕ ਹੀ ਰਚਣਹਾਰ ਕੁਲ ਮਾਲਿਕ ਹੈ। ਹੋਰ ਕੋਈ ਦੇਵੀ ਦੇਵਤੇ, ਮਾਤਾ ਆਦਿਕ ਨਹੀਂ ਹਨ। ਕਈ ਜਗਾ ਤਾਂ ਸਪ, ਚੂਹਿਆਂ ਆਦਿਕ ਦੀ ਪੂਜਾ ਵੀ ਕਰਦੇ ਹਨ। ਜਿਉਂ ਜਿਉਂ ਸਾਇੰਸ ਨੇ ਤਰੱਕੀ ਕੀਤੀ ਖੰਡਾਂ ਬ੍ਰਹਮੰਡ ਤਕ ਦਾ ਗਿਆਨ ਆ ਗਿਆ। ਮਨੁੱਖਤਾ ਦੇ ਗਿਆਨ ਦੀ ਹਦ ਵੱਧਦੀ ਗਈ ਅਤੇ ਜਾਹਿਰ ਹੈ ਕੇ ਇਹਦੀ ਸੀਮਾ ਲਖ ਅਕਾਸ਼ ਲਖ ਪਤਾਲ ਤੋਂ ਵੀ ਅੱਗੇ ਹੈ।

ਜ਼ਿਆਦਾ ਪੈਸੇ ਦੀ ਗਲ ਵੀ ਕਰ ਲਈਏ। ਅਮਰੀਕਾ ਵਿਚ ਇਕ ਮਿੱਤਰ ਹੈ ਜੋ 1967 ਵਿਚ ਆ ਗਿਆ ਸੀ। ਅਕਲਮੰਦ, ਸੂਝ ਬੂਝ ਵਾਲਾ, ਅਪਨਾ ਖ਼ੁਦ ਦਾ ਕੰਮ ਹੈ ਉਹਦਾ। ਕਈ ਕਰੋੜ ਡਾਲਰ ਕਮਾਏ ਹਨ ਉਸਨੇ ਬੜੀ ਇਮਾਨਦਾਰੀ ਨਾਲ। ਮੈਨੂੰ ਕਹਿੰਦਾ ਹੈ ਤੂੰ ਤੇ ਯਾਰ ਪੈਸੇ ਤੋਂ ਕੰਡ ਕਰ ਲਈ ਹੈ। ਮੈਂ ਕਹਿੰਦਾ ਹਾਂ ਕਿ ਪੈਸਾ ਕਿਨੂੰ ਭੈੜਾ ਲਗਦਾ ਹੈ ਪਰ ਉਹ ਮਾਲਕ ਹਰ ਇਕ ਦੀ ਉਕਾਤ ਤੋਂ ਜ਼ਿਆਦਾ ਹੀ ਦਿੰਦਾ ਹੈ। ਤੂੰ ਮਿਹਨਤ ਨਾਲ ਜ਼ਿਆਦਾ ਕੁਝ ਕਮਾ ਲਿਆ ਹੈ। ਤੈਨੂੰ ਮੁਬਾਰਕ ਤੇ ਮੈਨੂੰ ਖੁਸ਼ੀ ਹੈ। ਉਹ ਦਾ ਇਕ ਲੜਕਾ ਅਤੇ ਇਕ ਲੜਕੀ ਹੈ। ਲੜਕੇ ਦੀ ਅਪਨੀ ਪਤਨੀ ਨਾਲ ਨਹੀਂ ਬਨਦੀ ਅਤੇ ਲੜਕੀ ਕੁਝ ਠੀਕ ਨਹੀਂ ਰਹਿੰਦੀ। ਕਹਿੰਦਾ ਹੈ ਮੇਰੇ ਪੈਸਾ ਦਾ ਕੀ ਫਾਇਦਾ ਜੇ ਮੇਰੇ ਬਚੇ ਖੁਸ਼ ਨਹੀ। ਅਮਰੀਕਾ ਵਿਚ ਇਕ ਹੋਰ ਦੋਸਤ ਨੂੰ Diabetes ਦੀ ਬੀਮਾਰੀ ਹੈ ਉਹ ਪੈਨਸਲੀਨ ਦੀ ਛੋਟੀ ਬੋਤਲ ਜਿਸ ਰਾਹੀ ਅਪਨੇ ਆਪ ਪੈਨਸਲੀਨ ਲੋੜ ਮੁਤਾਬਿਕ ਜਾਂਦੀ ਰਹਿੰਦੀ ਹੈ ਲਕ ਨਾਲ 24ਵੀ ਘੰਟੇ ਬੰਨੀ ਰੱਖਦਾ ਹੈ। ਪੈਸੇ ਵਾਲਾ ਹੈ ਪਰ ਸਿਹਤ ਠੀਕ ਨਹੀਂ ਹੈ। ਕਈ ਰਿਸ਼ਤੇਦਾਰ ਹਨ ਭਾਰਤ ਵਿਚ, ਕਈ ਜਾਣੂ ਲੋਕ ਅਮਰੀਕਾ ਵਿਚ ਵੀ ਹਨ ਜਿੰਨਾਂ ਦਾ ਕੋਈ ਇਕ ਬਚਾ ਅਪਾਹਜ ਹੈ।

ਨਾਨਕ ਦੁਖਿਆ ਸਭ ਸੰਸਾਰ ਸੋ ਸੁਖੀਆ ਜੋ ਨਾਮ ਅਧਾਰ। ਫਰੀਦਾ ਮੈਂ ਜਾਣਿਆ ਦੁਖ ਮੁਝ ਕੋ, ਦੁਖ ਸੁਹਾਇਆ ਜਗ; ਉੱਚੇ ਚੜ੍ਹ ਕੇ ਦੇਖਿਆ ਤਾਂ ਘਰ ਘਰ ਇਹੋ ਅਗ। ਜੀਸਸ ਕ੍ਰਾਇਸਟ, ਮਹਾਤਮਾ ਬੁੱਧ ਅਤੇ ਹੋਰ ਸਭ ਮਹਾਂਪੁਰਸ਼ਾਂ ਨੇ ਵੀ ਕੁਝ ਇਸ ਤਰ੍ਹਾਂ ਹੀ ਕਿਹਾ ਹੈ। ਕਹਿੰਦੇ ਹਨ ਭਰਾਵੋ ਭੁੱਲ ਕੇ ਵੀ ਅਸੀਂ ਦੂਸਰਿਆਂ ਨੂੰ ਦੋਸ਼ ਨਹੀ ਦੇਣਾ, ਸਾਡਾ ਅਪਨਾ ਕੀਤਾ ਹੀ ਸਾਡੇ ਸਾਹਮਣੇ ਆ ਰਿਹਾ ਹੈ। ਸਾਡਾ ਸਭ ਦਾ ਕੁਝ ਇਸ ਤਰਾਂ ਦਾ ਹੀ ਹਾਲ ਹੈ। ਮੈਂ ਵੀ ਤੁਹਾਡੇ ਵਰਗਾ ਆਮ ਇਨਸਾਨ ਹਾਂ। ਭਲਾ ਦੁਖਾਂ ਤੋਂ ਬਿਨਾ ਹੋ ਸਕਦਾ ਹਾਂ? ਕਦੀ ਨਹੀਂ।

# ਯੈਲਾਪ੍ਰਗਾਰਡਾ ਸੂਬਾ ਰਾਓ

**Harbi Multani (Senior Manager Motorola Company USA.)**

ਸੂਬਾ ਰਾਓ (ਪੂਰਾ ਨਾਮ ਯੈਲਾਉਪਗਾਰਡਾ ਸੂਬਾ ਰਾਓ) ਜਨਵਰੀ 12, 1895 ਪਿੰਡ ਭੀਮਾਯਰਮ, ਉਸ ਵੇਲੇ ਦੇ Andhra ਪ੍ਰਦੇਸ਼ ਦੇ ਜ਼ਿਲ੍ਹਾ ਗੋਦਾਵਰੀ ਦੇ ਇਕ ਗਰੀਬ ਬ੍ਰਾਹਮਣ ਟੱਬਰ ਵਿਚ ਜੰਮਿਆ। ਉਹ ਆਪਣੇ ਪਰਿਵਾਰ ਦੇ 7 ਬਚਿਆਂ ਵਿਚੋਂ ਚੌਥਾ ਸੀ। ਭਾਵੇ ਉਹਦੇ ਪਿਉ revenue inspector ਸਨ ਪਰ ਉਸਦੇ ਪਰਵਾਰ ਦੇ ਬਹੁਤ ਰਿਸ਼ਤੇਦਾਰਾਂ ਦੀਆਂ ਥੋੜੀ ਉਮਰ ਵਿਚ ਮੌਤਾਂ ਹੋਣ ਕਰਕੇ ਉਹਨਾਂ ਦਾ ਪਰੀਵਾਰ ਗਰੀਬੀ ਦੀ ਮਾਰ ਥੱਲੇ ਰਿਹਾ। ਉਹਦੀ ਪੜ੍ਹਾਈ ਤੇ ਬੁਰਾ ਅਸਰ ਪਿਆ ਅਤੇ ਉਹ ਮਦਰਾਸ ਦੇ ਹਿੰਦੂ ਹਾਈ ਸਕੂਲ ਤੋਂ ਤੀਸਰੀ ਕੋਸ਼ਿਸ਼ ਵਿਚ ਦਸਵੀਂ ਪਾਸ ਕਰ ਸਕਿਆ। Presidency ਕਾਲਜ ਦੀ ਪੜ੍ਹਾਈ ਤੋਂ ਬਾਦ ਉਸਨੇ ਮਦਰਾਸ ਮੇਡੀਕਲ ਕਾਲਜ ਵਿਚ ਦਾਖ਼ਲਾ ਲੈ ਲਿਆ। ਉਸਦੀ ਪੜਾਈ ਦਾ ਖਰਚਾ ਉਸਦੇ ਦੋਸਤ ਅਤੇ ਇਕ ਭਲੇ ਇਨਸਾਨ ਸ਼੍ਰੀ ਕਸਤੂਰੀ ਸੂਰੀਆਂ ਨਰਾਇਣ ਮੂਰਤੀ ਦਿੰਦੇ। ਬਾਦ ਵਿਚ ਉਸਨੇ ਮੂਰਤੀ ਸਾਹਿਬ ਦੀ ਲੜਕੀ ਨਾਲ ਸ਼ਾਦੀ ਕਰ ਲਈ।

ਮੌਤ: ਅਗਸਤ 9, 1948.

ਪੇਸ਼ਾ: Biochemist

Nationality: Indian.

ਅਸੀਂ ਸ਼ਾਇਦ ਡਾਕਟਰ ਸੂਬਾ ਰਾਓ ਬਾਰੇ ਕਦੀ ਨਹੀਂ ਸੁਣਿਆ। ਉਹ ਦੀ ਬਦੌਲਤ ਕੈਂਸਰ ਦੀ ਬੀਮਾਰੀ ਦੇ ਮਰੀਜ਼ ਜ਼ਿਆਦਾ ਚਿਰ ਜੀ ਸਕਦੇ ਹਨ। ਇਕ ਪ੍ਰਸਿੱਧ ਅਮਰੀਕਨ ਲਿਖਾਰੀ ਡੋਨਾ ਕੇ. Antrem ਨੇ ਲਿਖਿਆ ਹੈ ਕਿ ਸੂਬਾ ਰਾਓ ਵਰਗੇ ਬਹੁਤ ਘਟ ਲੋਕ ਹਨ ਜਿੰਨਾਂ ਨੂੰ ਇੰਨਾ ਕੁਝ ਕਰਨ ਦੇ ਬਾਵਜੂਦ ਵੀ ਨੋਬਲ ਪੁਰਸਕਾਰ ਨਾਲ ਨਹੀਂ ਨਿਵਾਜਿਆ ਗਿਆ ਹੈ। ਆਪਣੀ 53 ਸਾਲ ਦੀ ਆਯੂ ਦੌਰਾਨ ਉਸ ਨੇ ਬਹੁਤ ਸਾਰੀਆਂ ਅਹਿਮ ਖੋਜਾਂ ਕੰਡੀਆਂ ਹਨ। ਇਸ ਪ੍ਰਸਿੱਧ ਸਾਇੰਸਦਾਨ ਨੇ ਸਾਇੰਸ ਨੂੰ ਬਦਲ ਕੇ ਰੱਖ ਦਿੱਤਾ ਅਤੇ ਆਮ ਜਨਤਾ ਦੀ ਜ਼ਿੰਦਗੀ ਬਦਲ ਦਿੱਤੀ ਪਰ ਅਜਬ ਹੈ ਕਿ ਲੋਕ ਉਸ ਨੂੰ ਭੁੱਲ ਗਏ ਹਨ। ਇਹ ਉਸਦੇ ਅਨੋਖਾ ਢੰਗ ਕਰਕੇ ਸੀ ਕਿ ਆਪਣੇ ਆਪ ਨੂੰ ਪਰਚਾਰ ਤੋਂ ਦੂਰ ਰੱਖਣਾ ਅਤੇ ਚੁਪ ਚਾਪ ਦੁਨੀਆਂ ਦੀ ਨਜ਼ਰਾਂ ਤੋਂ ਬਚ ਕੇ ਖੋਜ ਕਰਨਾ। ਇਸ ਕਰਕੇ ਉਹਦੀਆਂ ਖੋਜਾਂ ਕਾਫੀ ਦੇਰ ਤਕ ਛੁਪੀਆਂ ਰਹੀਆਂ। ਉਸਨੇ ਕਈ antibiotics ਆਜਾਦ ਕੀਤੇ ਜਿਸ ਨਾਲ ਖਤਰਨਾਕ ਬੀਮਾਰੀਆਂ ਤੋਂ ਦੁਨੀਆਂ ਨੂੰ ਨਿਜਾਤ ਮਿਲਿਆ। ਇਹਨਾਂ ਖੋਜਾਂ ਕਰਕੇ ਇਹ legend limelight ਵਿਚ ਆ ਹੀ ਗਿਆ ਅਤੇ ਹਜ਼ਾਰਾਂ ਲੋਕਾਂ ਨੂੰ ਇਹਨਾਂ ਦੁਆਈਆਂ ਨਾਲ ਅੱਜ ਤਕ ਹਰ ਰੋਜ਼ ਬਹੁਤ ਲਾਭ ਮਿਲ ਰਿਹਾ ਹੈ।

ਆਜ਼ਾਦੀ ਦੀ movement ਦੌਰਾਨ ਸੂਬਾ ਰਾਓ ਤੇ ਮਹਾਤਮਾ ਗਾਂਧੀ ਦਾ ਬਹੁਤ ਅਸਰ ਹੋਇਆ। ਉਸਨੇ ਵਿਦੇਸ਼ੀ ਵਸਤੂਆਂ ਦਾ ਬਾਈਕਾਟ ਕੀਤਾ ਅਤੇ ਚਿਟੇ ਖਾਦੀ ਦੇ ਕਪੜੇ ਬਤੌਰ ਮੈਡੀਕਲ ਲਿਬਾਸ ਪਹਿਨ ਲਏ। ਇਸ ਗਲ ਤੇ ਏਂਗਲੋ ਪ੍ਰੋਫੈਸਰ ਸ਼੍ਰੀ M.C. Bradfield ਜੋ ਕਿ ਜਾਤੀ ਭੇਦ ਰੱਖਦਾ ਸੀ ਨੇ ਬੁਰਾ ਮਨਾਇਆ। ਬਾਵਜੂਦ ਹਰ ਮਜ਼ਮੂਨ ਵਿਚ ਚੰਗੇ ਨੰਬਰ ਹਾਸਲ ਕਰਨ ਤੇ ਵੀ ਉਸਨੇ ਸੂਬਾ ਰਾਏ ਨੂੰ ਪੂਰੀ MBBS degree ਦੀ ਜਗਾ ਸਿਰਫ lesser LMS degree ਹੀ ਦਿੱਤੀ। ਸੂਬਾ ਰਾਓ ਨੇ Madras Medical service ਲੈਣ ਲਈ ਕੋਸ਼ਿਸ਼ ਕੀਤੀ ਪ੍ਰੰਤੂ ਫੇਹਲ ਹੋ ਗਿਆ। ਉਸਨੇ anatomy lecturer ਦੀ ਨੌਕਰੀ ਡਾਕਟਰ ਲਕਸ਼ਮੀ ਪਾਥੀ ਆਯੁਰਵੈਦਿਕ ਕਾਲਜ ਮਦਰਾਸ ਵਿਚ ਸ਼ੁਰੂ ਕਰ ਦਿੱਤੀ। ਉਸਨੇ ਆਯੁਰਵੈਦਿਕ ਪੜ੍ਹਾਈ ਵਿਚ ਖੋਜ ਕਰਨ ਲਈ ਧਿਆਨ ਕਰ ਲਿਆ। ਪਰ ਜਲਦੀ ਹੀ ਉਹ ਵਾਪਸ ਆਪਣੇ ਖੇਤਰ ਵਲ ਇਕ ਅਮਰੀਕਨ ਡਾਕਟਰ ਦੇ ਕਹਿਣ ਤੇ ਮੰਨ ਗਿਆ ਜੋ Rockefeller Scholarship ਕਿਸੇ ਯੋਗ ਡਾਕਟਰ ਨੂੰ ਦੇਣ ਲਈ ਭਾਰਤ ਦੇ ਦੌਰੇ ਤੇ ਆਇਆ ਹੋਇਆ ਸੀ। ਸੂਬਾ ਰਾਓ ਦੇ ਸਹੁਰੇ ਸ਼੍ਰੀ ਮੂਰਤੀ ਅਤੇ ਹੋਰ ਦਾਨੀ ਸੰਸਥਾ ਦੀ ਮਾਲੀ ਸਹਾਇਤਾ ਨਾਲ ਸੂਬਾ ਰਾਓ ਆਪਣੀ ਪਤਨੀ ਸਮੇਤ ਸਮੁੰਦਰੀ ਜਹਾਜ ਰਾਹੀ ਬੋਸਟੋਨ ਅਮਰੀਕਾ ਨੂੰ 1922 ਦੌਰਾਨ ਚਲ ਪਿਆ ਅਤੇ ਦੋਵੇਂ ਪਤੀ ਅਤੇ ਪਤਨੀ ਦੇ ਅਮਰੀਕਾ ਜਾਣ ਉਪਰੰਤ ਉਸਦੀ ਪਤਨੀ ਨੇ ਇਕ ਲੜਕੇ ਨੂੰ ਜਨਮ ਦਿੱਤਾ। ਲੜਕਾ ਨੌ ਮਹੀਨਿਆਂ ਬਾਦ "ਸਿੱਪੀ ਨਾਮ ਦੀ ਖਤਰਨਾਕ ਬੀਮਾਰੀ ਨਾਲ ਮਰ ਗਿਆ।

ਸੂਬਾ ਰਾਓਨੇ Harvard School of Tropical Medicine ਤੋਂ Tropical Medicine ਡਿਪਲੋਮਾ ਕਰ ਲੈਣ ਉਪਰੰਤ a junior faculty member at Harvard ਵਿਚ ਨੌਕਰੀ ਕਰ ਲਈ। ਗਰੀਬੀ ਦੀ ਹਾਲਤ ਵਿਚ ਸੂਬਾ ਰਾਓ ਨੂੰ ਦੋ ਤਿੰਨ ਸ਼ਿਫਟਾਂ ਵਿਚ ਹੋਰ ਵੀ ਨੌਕਰੀਆਂ ਸ਼ੁਰੂ ਕਰਨੀਆਂ ਪਈਆਂ। ਉਸਦੇ ਸਾਰੇ ਪ੍ਰੋਫੈਸਰ ਸਾਹਿਬਾਨਾਂ ਨੇ ਸੂਬਾ ਰਾਓਦੇ ਕੰਮ ਦੀ ਖੂਬ ਪ੍ਰਸੰਸਾ ਕੀਤੀ ਅਤੇ ਉਸਨੂੰ ਕਈ ਵਜ਼ੀਫੇ ਵੀ ਮਿਲੇ। ਸੂਬਾ ਰਾਓ ਨੇ ਹੋਰ ਬਹੁਤ ਸਾਰੇ ਵਖ-ਵਖ ਕਿਸਮਾਂ ਦੇ antibiotics ਆਜਾਦ ਕੀਤੇ ਪੈਨਸਲੀਨ ਅਤੇ streptomycin antibiotics ਤੋਂ ਇਲਾਵਾ। ਉਸ ਨੇ Polymyxin ਦੀ ਦੁਆਈ ਆਜਾਦ ਕੀਤੀ ਜੋ ਕਿ ਅੱਜ-ਕੱਲ ਵੀ ਡੰਗਰਾਂ ਵਾਸਤੇ ਵਰਤੀ ਜਾਂਦੀ ਹੈ।

**Contributions to Medicine -** ਦੁਨੀਆਂ ਵਿਚ ਪਹਿਲੀ ਵਾਰੀ ਸੂਬਾ ਰਾਓ ਨੇ ਇਹ ਕਾਢ ਕੱਢੀ ਕਿ ਸਾਡੇ ਸ਼ਰੀਰ ਵਿਚ ਅੰਦਾਜ਼ਨ ਕਿੰਨੇ phosphorus fluids and tissues, along with Cyrus Fiske ਹਨ। ਅਮਰੀਕਨ ਲੋਕਾਂ ਨੇ ਇਸ ਖੋਜ ਕਰਨ ਨਾਲ ਸੂਬਾ ਰਾਓ ਨੂੰ ਬਹੁਤ ਮਸ਼ਹੂਰੀ ਤੇ ਮਾਨ ਦਿੱਤਾ। ਇਸ ਖੋਜ ਨੂੰ Fiske-Subbarao ਤਰੀਕਾ ਕਹਿਣ ਲਗ ਪਏ ਭਾਵੇ ਤਕਨੀਕੀ ਤੌਰ ਤੇ ਇਸਨੂੰ Rapid Calorimetric Method ਦਾ ਨਾਮ ਦਿੱਤਾ ਗਿਆ। ਫਿਰ ਉਸਨੇ ਖੋਜ ਕੀਤੀ "physiology in the body based on

Adenosine Triphosphate and Phosphocreatine (ATP), ਜਿਹੜੇ ਕਿ ਇਨਸਾਨ ਦੇ ਸਰੀਰ ਵਾਸਤੇ ਤਾਕਤ ਦੇਣ ਦਾ ਸੋਮਾ ਹੈ। ਇਸ ਖੋਜ ਸਦਕਾ ਸੂਬਾ ਰਾਓ ਦਾ ਨਾਮ 1930 ਵਿਚ ਪਹਿਲੀ ਵਾਰ biochemistry textbooks ਵਿਚ ਆਇਆ। ਇਸੇ ਸਾਲ ਉਸ ਨੂੰ ਪੀ ਐਚ ਡੀ ਦੀ ਡਿਗਰੀ ਵੀ ਮਿਲੀ। ਉਹ Harvard ਵਿਚ 1940 ਤਕ ਰਿਹਾ ਪਰ ਜਦੋਂ Harvard ਵਿਚ ਉਸ ਨੂੰ ਪੱਕੀ regular faculty ਦਾ ਪਦ ਇਨਕਾਰ ਕੀਤਾ ਗਿਆ ਤਾਂ ਉਸਨੇ Lederle Laboratories, a division of American Cyanamid ਵਿਚ ਨਿਰਦੇਸ਼ਕ ਦਾ ਪਦ ਸੰਭਾਲਿਆ। ਉਥੇ ਉਸਨੇ ਬਹੁਤ ਹੋਰ antibiotics ਆਜ਼ਾਦ ਕੀਤੇ। Penicillin and streptomycin ਤੋਂ ਇਲਾਵਾ ਜੋ ਕਈ ਬੀਮਾਰੀਆਂ ਨੂੰ ਠੀਕ ਕਰਨ ਲਈ ਕਾਰਗਰ ਸਨ। ਇਸ ਖੋਜ ਦੇ ਵਿਕਾਸ ਦੇ ਆਧਾਰ ਤੇ isolation of vitamin B9 ਦੀ ਸ਼ੁਰੂਆਤ ਹੋਈ known as the antipernicious anemia factor। ਇਸ ਕਾਢ ਨੇ Lucy Wills ਦੇ 1945 ਦੇ ਅਧੂਰੇ ਕੰਮ ਨੂੰ ਅੱਗੇ ਵਧਾਇਆ।

ਉਸਨੇ Dr. Sidney Farber ਦੇ ਤਰੀਕਿਆਂ ਨੂੰ ਵਰਤ ਕੇ ਕੈਂਸਰ ਨੂੰ ਖਤਮ ਕਰਨ ਵਾਲੀ ਦਵਾਈ Methotrexate ਦੁਨੀਆਂ ਵਿਚ ਸਭ ਤੋਂ ਪਹਿਲਾਂ ਆਜਾਦ ਸੂਬਾ ਰਾਓ ਨੇ ਹੀ ਕੀਤੀ। ਇਸਦਾ ਇਸਤੇਮਾਲ ਅੱਜ ਤਕ ਹੋ ਰਿਹਾ ਹੈ। ਉਸਨੇ Hetrazen, a cure for filariasis at Lederle ਵੀ ਆਜਾਦ ਕੀਤਾ a cure for filariasis at Lederle. ਹੁਣ ਇਸ ਦੀ ਵਰਤੋ ਬਹੁਤ ਵੱਡੇ ਪੈਮਾਨੇ ਤੇ for treating filariasis, ਸਮੇਤ World Health Organization ਹੋ ਰਹੀ ਹੈ। ਉਸ ਦੀ ਨਿਰਦੇਸ਼ਕਾਂ ਦੇ ਹੇਠ, Benjamin Duggar ਨੇ ਦੁਨੀਆਂ ਦੀ ਸਭ ਤੋਂ ਪਹਿਲੇ tetracycline antibiotic ਨੂੰ ਜਨਮ ਦਿੱਤਾ। Aureomycin ਦੀ ਕਾਢ ਵੀ ਉਸੇ ਸਾਲ ਹੀ ਹੋਈ। ਇਸ ਦਾ ਨਤੀਜਾ ਇਹ ਹੋਇਆ ਕਿ American soldiers ਨੂੰ ਇਹ ਕਿਹਾ ਗਿਆ ਕੇ ਉਹ ਦੁਨੀਆਂ ਦੀ ਦੂਜੀ ਜੰਗ ਦੇ ਖੇਤਰ ਵਿਚੋਂ ਮਿਟੀ ਦੇ ਨਮੂਨੇ ਲੈ ਕੇ ਆਉਣ ਜਿਸ ਨੂੰ ਵਰਤ ਕੇ Lederle Laboratories ਨੇ ਤਜਰਬੇ ਕੀਤੇ ਅਤੇ natural soil fungi ਨੂੰ ਆਜਾਦ ਕੀਤਾ। ਇਸਨੂੰ ਹੁਣ ਤਕ ਵੀ ਬਹੁਤ ਵੱਡੀ ਕਾਢ ਕਿਹਾ ਜਾਂਦਾ ਹੈ ਜਿਦੇ ਨਾਲ anti-bacterial agents ਆਜ਼ਾਦ ਹੋਇਆ। ਉਸ ਨੇ ਇਕ ਹੋਰ ਦਵਾ ਕੱਢੀ ਜਿਸ ਨੂੰ Isonicotinic acid Hydrazide ਕਹਿੰਦੇ ਹਨ ਜੋ ਕਿ tuberculosis ਵਾਸਤੇ ਬਹੁਤ ਕਾਰਗਰ ਹੈ।

**Recognition -** ਬਹੁਤ ਸਾਰੀਆਂ ਕਾਢਾਂ ਅਤੇ ਹੋਰ developments ਦੇ ਸਦਕਾ ਸੂਬਾ ਰਾਓ ਨੇ ਕਦੀ ਵੀ ਆਪਣੇ ਨਾਮ ਅਧੀਨ ਕਿਸੇ ਵੀ ਕਾਢ ਦਾ Patent ਨਾਂ ਲਿਆ ਅਤੇ ਇਸ ਕਰਕੇ ਉਹ ਹਮੇਸ਼ਾ ਹੀ ਆਪਣੇ ਕੰਮ ਲਈ ਪਰਸੰਸਾ ਅਤੇ ਨਾਮ ਦੀ ਪ੍ਰਸਿੱਧੀ ਲਈ ਪਛੜਿਆ ਰਿਹਾ। ਜਦੋਂ ਉਹਦੀਆਂ ਖੋਜਾ ਦੀ ਚਰਚਾ ਹੁੰਦੀ ਤਾਂ ਉਹ ਹਮੇਸ਼ਾ ਸੁਨਣ ਵਾਲਿਆਂ ਵਿਚ ਬੈਠਾ ਹੁੰਦਾ ਅਤੇ ਸਟੇਜ਼ ਉਪਰ ਨਾ ਜਾਂਦਾ। ਉਸ ਨੇ ਕਈ ਵਾਰ ਪਰੈਸ ਨੂੰ ਮੁਲਾਕਾਤਾਂ ਦਿੱਤੀਆਂ ਅਤੇ ਬਾਹਰਲੇ ਦੇਸ਼ਾਂ ਵਿਚ ਦੌਰੇ ਵੀ ਕੀਤੇ। ਜਦੋਂ ਉਹਦੇ ਸਾਥੀ George Hitchings ਨੇ ਨੋਬਲ ਇਨਾਮ ਪ੍ਰਾਪਤ ਕੀਤਾ Physiology or Medicine, along with Gertrude Elion, in 1998, ਤਾਂ ਉਹਨਾਂ ਨੇ ਖ਼ੁਦ ਕਿਹਾ ਕਿ ਕੁਝ ਕੰਮ ਤਾਂ ਸੂਬਾ ਰਾਓ ਨੇ ਆਰੰਭੇ ਸਨ ਪਰ ਉਹਨਾਂ ਨੂੰ ਦੁਬਾਰਾ ਇਸ ਕਰਕੇ ਪੂਰੇ ਕੀਤੇ ਕਿਉ ਕੇ ਉਸਦਾ ਸਾਥੀ Fiske ਨੇ ਸੂਬਾ ਰਾਓ ਨਾਲ ਈਰਖਾ ਕਰਕੇ ਉਸਦੇ ਯੋਗਦਾਨਾਂ ਨੂੰ ਸ਼ੋਹਰਤ ਨਾਂ ਦਿੱਤੀ। ਮਿਸਾਲ ਦੇ ਤੌਰ ਤੇ ਸੂਬਾ ਰਾਓ ਦੀ ਕਾਢ American Cyanamid ਅਤੇ "Subbaromyces splendens ਨੂੰ Fiske ਨੇ ਆਪਣੇ ਨਾਮ ਹੇਠ ਹੋਰ ਨਾਮ ਦੇ ਕੇ Patent ਕਰਾ ਲਈ।

**Death -** ਸੂਬਾ ਰਾਓ ਨੇ ਆਪਣਾ career life ਦਾ ਬਹੁਤਾ ਹਿਸਾ ਅਮਰੀਕਾ ਵਿਚ ਬਿੰਨਾ green card ਦੇ ਬਤੀਤ ਕੀਤਾ। ਸੋ ਉਹ an alien in America ਵਿਚ ਸੀਭਾਵੇ ਦੁਨੀਆਂ ਦੀ ਦੂਜੀ ਜੰਗ ਵਿਚ ਉਸਨੇ ਮੈਡੀਕਲ ਦੀਆਂ ਕਈ ਕਾਢਾਂ ਕੱਢੀਆਂ। ਉਹਨੇ 25 ਸਾਲ ਤਕ ਬਾਹਰਲੇ ਦੇਸ਼ ਦੇ ਲੋਕਾਂ ਨਾਲ ਕੰਮ ਕੀਤਾ ਪਰ ਆਪਣੇ ਆਪ ਤੇ ਹਮੇਸ਼ਾ ਭਰੋਸਾ ਰਖਿਆ ਕੀ ਉਹ ਪਰਾਇਆ ਨਹੀ ਹੈ। ਕਦੀ ਵੀ ਆਪਣੇ ਉਪਰ ਕੋਈ ਦਾਗ਼ ਨਹੀਂ ਆਉਣ ਦਿੱਤਾ। 25 ਸਾਲ ਰਹਿਣ ਬਾਦ ਉਸਨੇ ਅਮਰੀਕਨ ਸ਼ਹਿਰੀ ਬਨਣ ਲਈ ਫਾਰਮ ਭਰਿਆ। ਉਥੋਂ ਦਾ ਸ਼ਹਿਰੀ ਬਨਣ ਦੇ ਬਾਵਜੂਦ ਵੀ ਦਿਲੋਂ ਉਹ ਭਾਰਤੀ ਹੀ ਰਿਹਾ ਅਤੇ ਇਸੇ ਤਰ੍ਹਾਂ ਹੀ ਉਹ ਮਰਿਆ। ਬੜੇ ਵੱਡੇ ਦਿਲ ਦਾ ਦੌਰੇ ਪੈਣ ਤੇ ਸੂਬਾ ਰਾਓ ਦੀ ਮੌਤ August 9, 1948 USA ਵਿਖੇ ਹੋਈ। ਸਾਇੰਸ ਦੇ ਕਈ ਮੈਗਜ਼ੀਨਾਂ ਵਿਚ, ਨਿਊਯਾਰਕ ਟਾਇਮ, ਨਿਊਯਾਰਕ ਹੇਰਲਡ-ਟਰਿਬੁਨ ਅਤੇ ਹੋਰ ਬਹੁਤ ਸਾਰੇ ਦੁਨੀਆਂ ਦੇ ਮੈਗਜ਼ੀਨਾਂ ਅਤੇ journals ਵਿਚ ਸ਼ਰਧਾਂਜਲੀਆਂ ਉਸ ਦੀ ਇੱਜ਼ਤ ਵਿਚ ਛਪੀਆਂ। ਨਿਊਯਾਰਕ ਹੇਰਲਡ-ਟਰਿਬੁਨ ਨੇ ਉਸ ਨੂੰ"ਇਕ ਬੜੇ ਦਿਮਾਗ ਵਾਲਾ 19ਵੀਂ ਸਦੀ ਦਾ ਮੈਡੀਕਲ ਦੁਨੀਆਂ ਦਾ ਸਾਇੰਸਦਾਨ ਘੋਸ਼ਿਤ ਕੀਤਾ।

**ਸੰਖੇਪ:**

1895: ਉਸਨੇ ਆਂਧਰਾ ਪ੍ਰਦੇਸ਼ ਵਿਚ ਜਨਵਰੀ 12 ਨੂੰ ਜਨਮ ਲਿਆ।

1919: ਸ਼ੇਸ਼ ਗਿਰੀ ਨਾਮ ਦੀ ਲੜਕੀ ਨਾਲ ਸ਼ਾਦੀ ਹੋਈ।

